# ਪ੍ਰਸਤਾਵਨਾ

ਹਰ ਧਰਮ ਵਿਚ ਧਰਮ ਗਰੰਥਾਂ ਦੀ ਮਹੱਤਤਾ ਇਸ ਲਈ ਹੈ ਕਿ ਇਨ੍ਹਾਂ ਰਾਹੀਂ ਧਰਮ ਦੀਆਂ ਉੱਚੀਆਂ-ਸੁੱਚੀਆਂ ਕਦਰਾਂ ਕੀਮਤਾਂ ਦਾ ਸੰਚਾਰ ਹੀ ਨਹੀਂ ਹੁੰਦਾ ਬਲਕਿ ਇਹ ਲੋਕਾਂ ਵਿਚ ਸ਼ਰਧਾ ਸੰਕਲਪ ਪੈਦਾ ਕਰਦੇ ਹਨ ਜਿਸ ਨਾਲ ਇਕ ਤਾਂ ਧਰਮ ਪ੍ਰਤਿਆਸਥਾ ਮਰਯਾਦਾ ਸਥਾਪਿਤ ਹੁੰਦੀ ਹੈ ਤੇ ਧਰਮ ਦੀ ਨਿਰੰਤਰਤਾ ਬਣੀ ਰਹਿੰਦੀ ਹੈ, ਦੂਜੇ ਲੋਕ-ਮਾਨਸ ਵਿਚ ਅਧਿਆਤਮਕ ਅਗਵਾਈ ਕਾਰਜਸ਼ੀਲ ਰਹਿੰਦੀ ਹੈ। ਧਰਮ-ਗਰੰਥ ਜ਼ਿੰਦਗੀ ਨੂੰ ਚਾਨਣ ਪ੍ਰਦਾਨ ਕਰਦੇ ਹਨ, ਜ਼ਿੰਦਗੀ ਨੂੰ ਸੇਧ ਦਿੰਦੇ ਹਨ, ਅਤੇ ਸਾਹਮਣੇ ਖੜ੍ਹੇ ਮੁਸ਼ਕਲਾਂ ਭਰੇ ਅੰਧਕਾਰ ਵਿਚੋਂ ਨਿਕਲਣ ਦਾ ਮਾਰਗ ਦਰਸ਼ਨ ਕਰਦੇ ਹਨ। ਇਹ ਧਰਮ ਗਰੰਥ ਹੀ ਹਨ, ਜਿਨ੍ਹਾਂ ਵਿਚ ਦਰਜ ਪਵਿੱਤਰ ਨਿਰਦੇਸ਼ਾਤਮਕ ਪ੍ਰਾਮਾਣਿਕ ਅਤੇ ਵਿਸ਼ਿੱਸ਼ਟ ਬੁੱਧੀ ਅਥਵਾ ਗਿਆਨ ਰੂਪੀ ਵਾਣੀ ਅੰਕਿਤ ਹੁੰਦੀ ਹੈ, ਜੋ ਵਿਅਕਤੀ ਲਈ ਚਾਨਣ ਮੁਨਾਰੇ ਦਾ ਕੰਮ ਤਾਂ ਕਰਦੀ ਹੈ, ਬਲਕਿ ਸਮੇਂ ਸਥਾਨ ਸਮੁਦਾਵਾਂ ਤੇ ਸਾਧਾਰਣ ਲੋਕਾਂ ਵਿਚ ਪ੍ਰਚਲਿਤ ਪਾਖੰਡਾਂ ਦੇ ਖੋਖਲੇ ਦੰਭਾਂ ਦਾ ਵੀ ਨਾਸ਼ ਕਰਦੀ ਹੈ। ਧਰਮ ਵਿਚ ਧਾਰਨ ਕੀਤੀ ਨੀਤੀ ਦੇ ਆਦੇਸ਼, ਜੇਕਰ ਲੋਕ ਹੇਤੂ ਹਨ ਤਾਂ ਨਿਸ਼ਚੇ ਹੀ ਉਹ ਧਰਮ ਅਟੱਲ ਹੈ, ਅਮਰ ਹੈ ਅਤੇ ਸਦੀਵੀ ਹੈ। ਅੱਜ ਵੀ ਜਿਵੇਂ ਇਸਾਈਆਂ ਲਈ ਬਾਈਬਲ, ਮੁਸਲਮਾਨਾਂ ਲਈ ਕੁਰਾਨ, ਬੋਧੀਆਂ ਲਈ ਧੰਮਪਦਾ, ਸਿੱਖਾਂ ਲਈ ਗੁਰੂ ਗਰੰਥ ਸਾਹਿਬ ਹੈ, ਏਸੇ ਤਰ੍ਹਾਂ ਹਿੰਦੂਆਂ ਲਈ ਰਾਮਾਇਣ ਅਤੇ ਭਗਵਦ-ਗੀਤਾ, ਪਵਿੱਤਰ ਗ੍ਰੰਥ ਹਨ।

ਮਾਨਵਤਾ ਦੇ ਕਲਿਆਣ ਲਈ ਤਿੰਨ ਰਾਜ ਮਾਰਗ ਹਨ ਜਿਨ੍ਹਾਂ ਨੂੰ 'ਪ੍ਰਸ੍ਥਾਨ ਤ੍ਰਯ' ਕਿਹਾ ਜਾਂਦਾ ਹੈ ਪਹਿਲਾ ਵੈਦਿਕ ਪ੍ਰਸ੍ਥਾਨ ਹੈ, ਜਿਸ ਨੂੰ ਉਪਨਿਸ਼ਦ ਕਹਿੰਦੇ ਹਨ। ਇਕ ਦਾਰਸ਼ਨਿਕ ਪ੍ਰਸ੍ਥਾਨ ਹੈ, ਜਿਸ ਨੂੰ ਬ੍ਰਹਮ-ਸੂਤਰ ਕਹਿੰਦੇ ਹਨ, ਇਕ ਸਮਾ੍ਰਤ ਪ੍ਰਸ੍ਥਾਨ ਹੈ ਜਿਸ ਨੂੰ ਭਗਵਦ ਗੀਤਾ ਕਿਹਾ ਜਾਂਦਾ ਹੈ। ੦ ਭਗਵਦ ਗੀਤਾ ਮਹਾਂਭਾਰਤ ਦੇ ਭੀਸ਼੍ਮ ਪਰਵ ਵਿਚ ਤੇਈਵੇਂ ਅਧਿਆਇ ਤੋਂ ਚਾਲੀਵੇਂ ਅਧਿਆਇ ਤੱਕ ਪ੍ਰਾਪਤ ਹੈ। ੦ ਜਿਵੇਂ ਯੋਗ ਵਾਸ਼ਿਸ਼ਠ ਦੇ ਲੇਖਕ ਵਿਸ਼ਸ਼ਠ੍ ਜੀ ਹਨ, ਉਸੇ ਤਰ੍ਹਾਂ ਭਗਵਦ ਗੀਤਾ ਦੇ ਲੇਖਕ ਰਿਸ਼ੀ-ਵਿਆਸ ਜੀ ਹਨ। ਵਿਆਸ ਜੀ ਦਾ ਨਾਂ ਦਸਵੇਂ ਅਧਿਆਇ ਦੇ ਤੇਰਵੇਂ ਤੇ ਸੈਂਤੀਵੇਂ ਅਤੇ ਅਠਾਰਵੇਂ, ਪੱਚੀਵੇਂ ਸ਼ਲੋਕ ਵਿਚ ਅੰਕਿਤ ਹੈ। ੦ ਉਪਨਿਸ਼ਦਾਂ ਵਿਚ ਮੰਤਰ ਹਨ, ਬ੍ਰਹਮ ਸੂਤਰ ਵਿਚ ਸੂਤਰ ਹਨ ਅਤੇ ਸ਼੍ਰੀ ਭਗਵਦ ਗੀਤਾ ਵਿਚ ਸ਼ਲੋਕ ਹਨ। ਸ਼ਲੋਕਾਂ ਵਿਚ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਤੇ ਅਰਜਨ ਵਿਚਕਾਰ ਸੰਵਾਦ ਹਨ। ਸ਼ਲੋਕ ਸ਼੍ਰੀ ਭਗਵਾਨ ਦੀ ਵਾਣੀ ਸਮਝੇ ਜਾਂਦੇ ਹਨ, ਇਸ ਲਈ ਇਨ੍ਹਾਂ ਦੀ ਪਵਿੱਤਰਤਾ ਮੰਤਰਾਂ ਵਰਗੀ ਮੰਨੀ ਗਈ ਹੈ, ਕਿਉਂਕਿ ਇਨ੍ਹਾਂ ਸ਼ਲੋਕਾਂ ਵਿਚ ਡੂੰਘੇ ਗੰਭੀਰ ਸਾਰਥਕ ਵਿਵੇਕ-ਸ਼ੀਲ ਦਾਰਸ਼ਨਿਕ ਅਰਥ ਭਰੇ ਹੋਏ ਹਨ। ਇਸ ਲਈ ਇਹ ਸੂਤਰ ਵੀ ਅਖਵਾਉਂਦੇ ਹਨ। ੦ ਸ਼੍ਰੀ ਭਗਵਦ ਗੀਤਾ ਸੰਸਾਰ ਦੇ ਸਰਬੋਤਮ ਧਰਮ-ਗਰੰਥਾਂ ਵਿਚ ਇਕ ਵਿਸ਼ੇਸ਼ ਸਥਾਨ ਰੱਖਣ ਵਾਲਾ ਪਵਿੱਤਰ ਗਰੰਥ ਹੈ। ਇਸ ਦੇ ਵਕਤਾ ਆਪ ਖੁਦ ਸ਼੍ਰੀ ਕ੍ਰਿਸ਼ਨ ਭਗਵਾਨ ਹਨ। ਆਪ ਦਾ ਕਥਨ ਹੈ ਕਿ 'ਗੀਤਾ ਸਨਾਤਨ ਧਰਮ ਦੇ ਮੰਨਣ ਵਾਲਿਆਂ ਦੇ ਹਿਰਦਿਆਂ ਦੀ ਰਾਜੇਸ਼ਵਰੀ ਹੈ।' ਇਸ ਦਾ ਸੁਨੇਹਾ ਕੇਵਲ ਹਿੰਦੂਆਂ ਅਥਵਾ ਕਿਸੇ ਇਕ ਧਰਮ ਦੇ ਲੋਕਾਂ ਲਈ ਹੀ ਨਹੀਂ, ਬਲਕਿ ਸਮੁੱਚੀ ਮਾਨਵ-ਜਾਤੀ ਦੇ ਕਲਿਆਣ ਲਈ ਹੈ। ਏਸੇ ਲਈ ਗੀਤਾ ਦੀ ਤੁਲਨਾ ਕਾਮਧੇਨੂ ਗਊ ਤੇ ਕਲਪ-ਬਿਰਖ ਨਾਲ ਕੀਤੀ ਜਾਂਦੀ ਹੈ। ਸ਼੍ਰੀ ਭਗਵਦ ਗੀਤਾ - ਬਹੁਤ ਹੀ ਵਿਚਿਤ੍ਰ ਅਲੌਕਿਕ ਧਾਰਮਕ ਦਾਰਸ਼ਨਿਕ ਗਰੰਥ ਹੈ, ਜਿਸ ਦਾ ਜਿਸਨੇ ਜਿੰਨਾ ਵੀ ਅਧਿਐਨ ਕੀਤਾ ਹੈ, ਮਨਨ ਕੀਤਾ ਹੈ, ਉਸ ਨੇ ਆਪਣੀ ਸਮਝ ਸੋਚ ਵਿਚਾਰ ਵਿਵੇਕ ਦੀ ਦ੍ਰਿਸ਼ਟੀ ਅਨੁਸਾਰ ਆਪਣੇ ਲਈ ਉਪਯੋਗ ਕਲਿਆਣਕਾਰੀ ਆਨੰਦਦਾਇਕ ਸਾਮਗ੍ਰੀ ਦੀ ਪ੍ਰਾਪਤੀ ਕੀਤੀ ਹੈ। ੦ ਜ਼ਰੂਰੀ ਨਹੀਂ, ਕੋਈ ਵਿਅਕਤੀ ਕਿਸੇ ਦੇਸ਼ ਸਥਾਨ ਧਰਮ ਸਮੁਦਾਇ ਅਥਵਾ ਜਾਤੀ ਸਮਾਜ ਵਿਚੋਂ ਹੋਵੇ, ਸ਼੍ਰੀ ਭਗਵਦ ਗੀਤਾ ਸਭਨਾਂ ਲੋਕਾਂ ਲਈ ਪਿਆਰ ਸਮੱਰਪਣ, ਸਿਖਿਆ ਸੇਧ ਅਗਵਾਈ ਕਰਨ ਵਾਲੀ ਮਾਂ ਵਾਂਗ ਹੈ। ਗੀਤਾ ਸੰਦੇਸ਼ ਨਿਰਮਲ ਪਵਿੱਤਰ ਅਤੇ ਸਾਰਥਿਕ ਹੈ, ਇਹ ਕਿਸੇ ਧਰਮ ਸਮੁਦਾਇ ਅਤੇ ਵਰਗ ਵਿਸ਼ੇਸ਼ ਦਾ ਖੰਡਨ ਨਹੀਂ ਕਰਦੀ, ਬਲਕਿ ਸਰਬ ਧਰਮ ਸੰਦੇਸ਼ ਨੂੰ ਲੋਕ ਮਾਨਸ ਤੱਕ ਸੰਚਾਰਦੀ ਹੈ। ਗੀਤਾ ਦੀ ਚਮਤਕਾਰੀ ਭਾਵਨਾ ਦਾ ਸੁਨੇਹਾ ਐਨਾ ਸ਼ਕਤੀਸ਼ਾਲੀ ਹੈ ਕਿ ਅਸੀਂ ਵਾਸਤਵਿਕ ਤੱਤਵ (ਪਰਮਾਤਮਾ) ਸੰਬੰਧੀ ਹੀ ਨਹੀਂ ਜਾਣ ਸਕਦੇ ਬਲਕਿ ਪਰਿਵਰਤਨਸ਼ੀਲ ਪ੍ਰਕ੍ਰਿਤੀ-ਜਨਯ, ਵਸਤੂ ਵਿਅਕਤੀ ਤੇ ਰਾਗ ਦਵੇਸ਼ ਦੇ ਕਾਰਨਾਂ ਸੰਬੰਧੀ ਭਲੀ ਭਾਂਤ ਗਿਆਨ ਪ੍ਰਾਪਤ ਕਰ ਲੈਂਦੇ ਹਾਂ।

੦ ਦੁਨੀਆਂ ਭਰ ਦੇ ਵਿਸ਼ੇਸ਼ ਦਾਰਸ਼ਨਿਕ ਤੇ ਭਾਰਤ ਦਾ ਹਰ ਬਾਹੋਸ਼ ਵਿਅਕਤੀ ਹਰ ਜਾਤ ਸਮੁਦਾਇ ਤੇ ਧਰਮ ਨਾਲ ਸੰਬੰਧ ਰੱਖਣ ਵਾਲਾ - ਕਿਸੇ ਨਾ ਕਿਸੇ ਰੂਪ ਵਿਚ ਸ਼੍ਰੀ ਭਗਵਦ-ਗੀਤਾ ਦੇ ਅਧਿਐਨ ਤੋਂ ਪ੍ਰੇਰਨਾ ਲੈਂਦਾ ਹੈ। ਸ਼੍ਰੀ ਭਗਵਦ ਗੀਤਾ ਸੈਂਕੜੇ ਸਾਲਾਂ ਤੋਂ (ਈਸਵੀ ਸੰਨ ਕਾਲ ਤੋਂ ਪਹਿਲਾਂ ਵੀ) ਦਾਰਸ਼ਨਿਕ ਵਿਚਾਰ ਧਾਰਾ ਤੇ ਅਧਿਆਤਮਕ ਸਰਬੋਤਮ ਸਿਧਾਂਤਾਂ ਦੀ ਗਿਆਨ ਸਾਮਗ੍ਰੀ ਮੰਨੀ ਜਾਂਦੀ ਰਹੀ ਹੈ। ਭਗਵਤ ਗੀਤਾ ਨੂੰ ਭਾਰਤੀ ਵਿਚਾਰਧਾਰਾ ਦਾ ਮੂਲ ਸਿਧਾਂਤ ਮੰਨਿਆ ਗਿਆ ਹੈ। ਉਪਨਿਸ਼ਦਾਂ ਤੇ ਬ੍ਰਹਮ-ਸੂਤਰਾਂ ਦੇ ਬਰਾਬਰ ਹੀ ਇਸ ਦੀ ਸਿਧਾਂਤਕ ਸਰਵ ਉੱਚਤਾ ਨੂੰ ਸਵੀਕਾਰ ਕੀਤਾ ਗਿਆ ਹੈ। ਈਸਵੀ ਸੰਨ ਦੇ ਆਰੰਭ ਤੋਂ ਪਹਿਲਾਂ ਵੀ ਅਜਿਹੇ ਆਚਾਰੀਆ ਵਿਦਵਾਨ ਬੌਧਿਕ ਪੁਰਸ਼ ਹੋਏ ਹਨ, ਜਿਨ੍ਹਾਂ ਨੇ ਗੀਤਾ ਦੇ ਸਿਧਾਂਤਕ ਵਿਸ਼ਿਆਂ ਦਾ ਸੰਸਕ੍ਰਿਤ ਭਾਸ਼ਾ ਵਿਚ ਵਿਵੇਚਨ ਕੀਤਾ ਹੈ। ਜਿਵੇਂ ਅਦਵੈਤ ਸਿਧਾਂਤ ਦੇ ਪ੍ਰਸਿੱਧ ਆਚਾਰੀਆ ਸ਼ੰਕਰ (788-820 A.D) ਵਿਸ਼ਿਟਾਦਵੈਤ ਮੱਤ ਦੇ ਵਿਦਵਾਨ ਆਚਾਰੀਆ ਰਾਮਾਨੁਜ (1017-1137 A.D) ਦਵੈਤ ਅਦਵੈਤ ਦੇ ਉਤਕ੍ਰਿਸ਼ਟ ਵਿਦਵਾਨ ਨਿੰਬਾਰਕ ਆਚਾਰੀਆ (760 A.D) ਦੀ ਪਰੰਪਰਾ ਵਿਚ ਕੇਸ਼ਵ ਕਾਸ਼ਮੀਰੀ ਭੱਟ, ਦਵੈਤ ਮੱਤ ਦੇ ਪ੍ਰਸਿੱਧ ਵਿਦਵਾਨ ਮਧਵ ਆਚਾਰੀਆ (1199-1276 A.D) ਸ਼ੁੱਧ ਅਦਵੈਤ ਦੇ ਪ੍ਰਵਰ੍ਤਕ ਵਲਭ ਅਚਾਰੀਆ (1479 A.D) ਕਸ਼ਮੀਰ ਸ਼ੈਵ ਸਿਧਾਂਤ ਦੇ ਆਚਾਰੀਆ ਅਭਿਨ ਗੁਪਤ (1100 A.D), ਅਚਿੰਤ ਭੇਦਾ ਭੇਦ ਦੇ ਸੰਸਥਾਪਕ ਚੇਤੰਨ੍ਯ ਮਹਾ ਪ੍ਰਭੂ (1600 A.D) ਦੀ ਪਰੰਪਰਾ ਦੇ ਆਚਾਰੀਆ ਅਦਵੈਤ ਵੇਦਾਂਤੀ ਸ਼੍ਰੀਧਰ ਸ੍ਵਾਮੀ (1400 A.D) ਆਨੰਦਗਿਰਿ (1300 A.D) ਅਤੇ ਮਧੁਸੂਦਨ ਸਰਸ੍ਵਤੀ (1600 A.D) ਆਦਿ ਆਚਾਰੀਆਂ ਨੇ ਸ਼੍ਰੀ ਭਗਵਦ ਗੀਤਾ ਦੀ ਸਿਧਾਂਤਕ ਵਿਚਾਰਧਾਰਾ ਦਾ ਆਪਣੇ ਆਪਣੇ ਮੱਤਾਨੁਸਾਰ ਮੁਲਾਂਕਣ ਕੀਤਾ ਹੈ।

ਵੇਦਾਂ ਨੂੰ ਹਿੰਦੂ ਦਰਸ਼ਨ ਦੇ ਮੂਲ ਸਰੋਤ ਮੰਨਿਆ ਗਿਆ ਹੈ। ਹਜ਼ਾਰਾਂ ਸਾਲ ਪਹਿਲਾਂ ਵੇਦਾਂ ਦੇ ਰਚਨ ਕਾਲ ਤੋਂ ਲੈ ਕੇ ਸਭਿਅਤਾ ਦੇ ਖੰਡਿਤ ਤੇ ਮੁੜ ਵਿਕਸਤ ਹੋਣ ਦੇ ਲੰਮੇ ਸਮੇਂ ਵਿਚਕਾਰ, ਵੇਦਾਂ ਦੇ ਕਈ ਮੂਲ ਖੰਡ ਅਲੋਪ ਹੋ ਗਏ ਮੰਨੇ ਗਏ ਹਨ। ਪਰ ਵੇਦਿਕ ਸਿਧਾਂਤਾਂ ਦੇ ਮੂਲ ਨਿਚੋੜ ਉਪਨਿਸ਼ਦ ਹਨ, ਜੋ ਉਪਲਭਧ ਹਨ, ਜਿਨ੍ਹਾਂ ਤੋਂ ਭਾਰਤੀ ਵਿਚਾਰਧਾਰਾ, ਸਮੁੱਚੇ ਰੂਪ ਵਿਚ ਪ੍ਰਮਾਣਿਕਤਾ ਤੇ ਗਿਆਨ ਦੀ ਸ਼ੁੱਧ ਸਾਮਗ੍ਰੀ ਗ੍ਰਹਿਣ ਕਰਦੀ ਹੈ। ਇਹ ਸਭ ਤਾਂ ਸੰਭਵ ਹੋਇਆ ਹੈ ਕਿ ਭਾਰਤ ਦੇ ਮਹਾਨ ਰਿਸ਼ੀਆਂ ਮੁਨੀਆਂ ਨੇ ਇਸ ਵੇਦਕ ਵਿਚਾਰਧਾਰਾ ਨੂੰ ਸੂਤਰ ਵਿਧੀ ਨਾਲ ਸੰਭਾਲਣ ਦਾ ਉੱਤਮ ਕਾਰਜ ਕੀਤਾ ਹੈ। ਵੇਦਾਂਤ ਅਥਵਾ ਬ੍ਰਹਮ ਸੂਤਰ ਦੇ ਰੂਪ ਵਿਚ ਅਸੀਂ ਉਪਨਿਸ਼ਦਾਂ ਦੇ ਵਿਸ਼ੇ-ਵਸਤੂ ਨੂੰ ਆਪਣੇ ਦਰਸ਼ਨ ਦਾ ਖਜ਼ਾਨਾ ਅਜੇ ਵੀ ਮੰਨਦੇ ਹਾਂ। ਸ਼੍ਰੀ ਭਗਵਦ ਗੀਤਾ ਨੂੰ ਬ੍ਰਹਮ-ਵਿਦਿਆ ਤੇ ਯੋਗ ਦਾ ਸ਼ਾਸਤ੍ਰ ਕਿਹਾ ਜਾਂਦਾ ਹੈ। ਇਹੋ ਹੀ ਉਪਨਿਸ਼ਦ ਹਨ, ਕਿਉਂਕਿ ਯੋਗ ਤੇ ਵੇਦਾਂਤ ਦਾ ਆਪਸੀ ਸੰਬੰਧ ਅਨੁਪਮ ਤੇ ਅਟੁੱਟ ਹੈ। ਗੀਤਾ ਦੇ ਮੂਲ ਦਾਰਸ਼ਨਿਕ ਅੰਗ ਗਿਆਨ-ਮਾਰਗ, ਭਗਤੀ-ਮਾਰਗ ਤੇ ਕਰਮ-ਮਾਰਗ ਹਨ। ਏਸੇ ਲਈ ਭਾਰਤੀ ਵਿਦਵਾਨਾਂ ਤੇ ਦਾਰਸ਼ਨਿਕਾਂ ਨੇ ਵੀ ਪਿਛਲੇ ਸੈਂਕੜੇ ਸਾਲਾਂ

ਤੋਂ ਗੀਤਾ ਦਾ ਅਧਿਐਨ ਕਰਕੇ ਆਪਣੇ ਆਪਣੇ ਵਿਚਾਰਾਂ ਅਨੁਸਾਰ ਸਿੱਟੇ ਕੱਢੇ ਹਨ। ਸ਼੍ਰੀ ਭਗਵਦ ਗੀਤਾ ਦੀ ਅਧਿਆਤਮਕ ਦਾਰਸ਼ਨਿਕ ਤੇ ਬੌਧਿਕ ਵਿਚਾਰਧਾਰਾ ਦੇ ਵਿਸ਼ਾਲ ਅਤਿ ਡੂੰਘੇ ਸਾਗਰ ਵਿਚ ਜਿੰਨੇ ਵਿਦਵਾਨ ਗੋਤੇਖੋਰਾਂ ਨੇ ਗੋਤੇ ਲਾਏ ਹਨ, ਉਨ੍ਹਾਂ ਨੇ ਆਪਣੀ ਮਿਹਨਤ ਖੋਜ ਅਤੇ ਅਧਿਐਨ ਰਾਹੀਂ ਵਿਚਾਰਧਾਰਾ ਦੇ ਸੁੱਚੇ ਮੋਤੀਆਂ ਦੇ ਖਜ਼ਾਨੇ ਹੀ ਪ੍ਰਾਪਤ ਕੀਤੇ ਹਨ। ਏਸੇ ਲਈ ਸ਼੍ਰੀਮਦ੍ ਭਗਵਦ-ਗੀਤਾ ਦੇ ਸੈਂਕੜੇ ਸੰਸਕਰਣ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਵੀ ਇਨ੍ਹਾਂ ਦਾ ਪ੍ਰਕਾਸ਼ਨ ਹੋਣਾ, ਇਸ ਗੱਲ ਦਾ ਸਬੂਤ ਹੈ ਕਿ ਇਹ ਅਮਰ ਗਰੰਥ ਸੱਚਮੁੱਚ ਅਨੁਪਮ ਅਤੇ ਪਵਿੱਤਰ ਹੈ। ਵਿਸ਼ਵ ਦੀਆਂ ਸਰਵੋਤਮ ਭਾਸ਼ਾਵਾਂ - ਜਿਵੇਂ ਅੰਗਰੇਜ਼ੀ, ਫਰੈਂਚ, ਜਰਮਨ, ਸਪੇਨਿਸ਼, ਇਟੇਲਿਯਨ, ਪੁਰਤਗੀਜ, ਡੱਚ, ਪੋਲਿਸ਼, ਸਵੀਡਨ, ਰਸ਼ੀਅਨ, ਹੰਗੇਰਿਯਨ ਤੇ ਅਰਬ ਦੇਸ਼ਾਂ ਦੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਏ ਹਨ। ਭਾਰਤ ਦੀ ਕੋਈ ਅਜਿਹੀ ਭਾਸ਼ਾ ਨਹੀਂ ਹੋਵੇਗੀ ਜਿਸ ਵਿਚ ਸ਼੍ਰੀ ਭਗਵਦ ਗੀਤਾ ਨਾ ਅਨੁਵਾਦੀ ਗਈ ਹੋਵੇ। ਏਥੋਂ ਤੱਕ ਭਾਰਤ ਦੇ ਦਰਜਨਾਂ ਮਹਾਨ ਵਿਦਵਾਨ ਆਚਾਰੀਆਂ, ਦਾਰਸ਼ਨਿਕਾਂ ਧਾਰਮਿਕ-ਸਮਾਜਿਕ ਰਾਜਨੀਤਕ ਨੇਤਾਵਾਂ ਨੇ ਇਸ ਮਹਾਨ ਗਰੰਥ ਦਾ ਅਧਿਐਨ ਕਰਕੇ ਇਸ ਦਾ ਅੰਗਰੇਜ਼ੀ ਤੇ ਭਾਰਤੀ ਭਾਸ਼ਾਵਾਂ ਵਿਚ ਜੋ ਸਾਰ ਤੱਤ ਪੇਸ਼ ਕੀਤਾ ਹੈ, ਉਹ ਭਾਰਤੀ ਦਰਸ਼ਨ ਦੀ ਵਿਲੱਖਣ ਪ੍ਰਾਪਤੀ ਕਿਹਾ ਜਾ ਸਕਦਾ ਹੈ। ਸੰਤ ਗਿਆਨੇਸ਼ਵਰ ਦੀ 'ਗਿਆਨਏਸ਼ਵਰ' ਸ਼੍ਰੀ ਬਾਲ ਗੰਗਾਧਰ ਤਿਲਕ ਦੀ ਗੀਤਾ ਰਹੱਸ ਵਰਨਣਯੋਗ ਗਰੰਥ ਹਨ। ਅਚਾਰੀਆ ਰਜਨੀਸ਼ (ਓਸ਼ੋ), ਡਾ. ਰਾਧਾ ਕ੍ਰਿਸ਼ਨਨ ਅਤੇ ਸ਼੍ਰੀ ਸਤਿਆ ਸਾਈਂ ਬਾਬਾ ਆਦਿ ਨੇ ਵੀ ਗੀਤਾ ਦੇ ਰਹੱਸਾਂ ਦਾ ਵਿਵੇਚਨ ਕਰਦਿਆਂ ਆਪਣੇ ਆਪਣੇ ਬੌਧਿਕ ਸੰਕਲਪ ਪੇਸ਼ ਕੀਤੇ ਹਨ। ਗੀਤਾ ਅਜਿਹਾ ਮਹਾਨ ਗਰੰਥ ਹੈ ਜਿਸ ਦੇ ਅਧਿਐਨ ਕਰਨ ਵਾਲੇ ਵਿਦਵਾਨ ਪੁਰਸ਼ ਆਪਣੀ ਆਪਣੀ ਵਿਚਾਰਧਾਰਾ ਦੀ ਪ੍ਰਮੁੱਖਤਾ ਬਣਾਈ ਰੱਖਦੇ ਹਨ ਜਿਵੇਂ ਸ਼ੰਕਰਆਚਾਰੀਆ - ਅਦਵੈਤ ਮੱਤ ਦੇ ਅਨੁਯਾਈ ਗਿਆਨ ਮਾਰਗੀ ਸਨ ਉਨ੍ਹਾਂ ਨੇ ਕਰਮ ਨੂੰ ਸਾਮਾਨ ਮਹੱਤਵ ਦੇਣ ਦਾ ਵਿਰੋਧ ਕੀਤਾ। ਉਨ੍ਹਾਂ ਨੇ ਗੀਤਾ ਨੂੰ ਧਰਮ ਸ਼ਾਸਤ੍ਰ ਅਥਵਾ ਸਮ੍ਰਿਤੀ ਦੇ ਰੂਪ ਵਿਚ ਸਵੀਕਾਰ ਕੀਤਾ ਹੈ। ਉਨ੍ਹਾਂ ਦੀ ਆਪਣੀ ਰਾਏ ਹੈ। ਕਈ ਵਿਦਵਾਨ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ ਕਿ ਬ੍ਰਹਮ ਵਿਦਿਆ ਅਖਵਾਉਣ ਵਾਲਾ ਗਰੰਥ ਸਮ੍ਰਿਤੀ ਕਿਵੇਂ ਹੋ ਸਕਦਾ ਹੈ। ਪਰ ਅਸਲੀਅਤ ਇਹ ਹੈ ਕਿ ਸ਼੍ਰੀ ਭਗਵਦ ਗੀਤਾ ਇਕ ਸਮੁਦਾਇ ਵਿਸ਼ੇਸ਼ ਦਾ ਗਰੰਥ ਨਹੀਂ ਹੈ। ਹਰ ਵਿਅਕਤੀ ਲਈ ਇਸ ਗਰੰਥ ਵਿਚੋਂ ਅਜਿਹੀ ਵਿਚਾਰਧਾਰਾ ਰੂਪੀ ਗਿਆਨ ਸਾਮਗ੍ਰੀ ਪ੍ਰਾਪਤ ਹੈ, ਜਿਸ ਨਾਲ ਉਸ ਦਾ ਚਹੁਮਖੀ ਵਿਕਾਸ ਹੋ ਸਕਦਾ ਹੈ। ਹਰ ਵਿਦਵਾਨ ਦੀ ਸਮਝਣ ਸੋਚਣ ਪਿਛੋਂ ਬਣੀ ਵਿਚਾਰਧਾਰਾ, ਉਸ ਦੇ ਉਸ ਸਿਧਾਂਤ ਅਨੁਸਾਰ ਹੁੰਦੀ ਹੈ ਜਿਸ ਨੂੰ ਉਹ ਮੰਨਦਾ ਹੈ।

ਸ਼੍ਰੀ ਭਗਵਦ ਗੀਤਾ ਦੇ ਮਹਾਨ ਗਰੰਥ ਹੋਣ ਨੂੰ ਸੰਸਾਰ ਵਿਚ ਇਸ ਲਈ ਸਵੀਕਾਰ ਕੀਤਾ ਗਿਆ ਹੈ, ਕਿਉਂਕਿ ਇਹ ਗਰੰਥ ਟੀ.ਐਸ.ਇਲੀਓਟ ਦੇ ਸ਼ਬਦਾਂ ਵਿਚ, ਡਾਂਟੇ ਦੀ 'ਡੀਵਾਇਨ ਕਾਮੇਡੀ' ਵਾਂਗ ਮਹਾਨਤਮ ਦਰਸ਼ਨ ਦਾ ਮਹਾਕਾਵਿ ਹੈ। ਦੋਵੇਂ ਗਰੰਥ ਅਸਲ ਵਿਚ ਮਾਨਵੀ ਜੀਵਨ ਦੇ ਡੂੰਘੇ ਰਹੱਸਾਂ ਦਾ ਭੇਦ ਖੋਲਦੇ ਹਨ ਅਤੇ ਦਰਸ਼ਨ ਦੀ ਪ੍ਰਤਿਸ਼ੱਠਾ ਉੱਚਤਾ ਤੇ ਆਨੰਦਮਈ ਉੱਲਾਸ ਨੂੰ ਪ੍ਰਾਪਤ ਕਰਨ ਵਿਚ ਸਫਲ ਹੁੰਦੇ ਹਨ। ਇਨ੍ਹਾਂ ਦੇ ਅਧਿਐਨ ਰਾਹੀਂ ਅਧਿਆਤਮਕ ਉਥਾਨ ਲਈ ਚੇਤਨਾ ਦਾ ਸੰਚਾਰ ਹੁੰਦਾ ਹੈ। ਜਿਵੇਂ ਮਹਾਨ ਸ਼ਕੰਦਰ ਲਈ ਹੋਮਰ ਦਾ ਇਲੀਅਦ, ਜੀਵਨ ਨੂੰ ਸੇਧ ਦੇਣ ਵਾਲਾ ਪਵਿੱਤਰ ਗਰੰਥ ਸੀ, ਉਸੇ ਤਰ੍ਹਾਂ ਮਹਾਤਮਾ ਗਾਂਧੀ ਵੀ ਸ਼੍ਰੀ ਭਗਵਦ ਗੀਤਾ ਨੂੰ ਆਪਣਾ ਜੀਵਨ ਸਾਥੀ ਤੇ ਚਾਨਣ ਮੁਨਾਰਾ ਮੰਨਦੇ ਸਨ। ਗੀਤਾ ਵੇਦਾਂਤਕ ਰਚਨਾ ਹੈ ਤੇ ਏਸੇ ਲਈ ਇਸ ਮਹਾਨ ਗਰੰਥ ਨੂੰ ਨੂੰ ਤੇਰ੍ਹਵਾਂ ਉਪਨਿਸ਼ਦ ਕਹਿ ਕੇ ਪ੍ਰਤਿਸ਼ਠਾ ਪ੍ਰਦਾਨ ਕੀਤੀ ਗਈ ਹੈ। ਉਪਨਿਸ਼ਦ ਦਾ ਦਰਜਾ ਦੇਣਾ ਇਸ ਲਈ ਉਚਿੱਤ ਸਮਝਿਆ ਗਿਆ ਹੈ ਕਿ ਭਗਵਤ ਗੀਤਾ ਬ੍ਰਹਮ ਵਿਦਿਆ ਤੇ ਯੋਗ ਸ਼ਾਸਤ੍ਰ ਹੈ। ਦੂਜੇ ਸ਼ਬਦਾਂ ਵਿਚ ਵੇਦਾਂਤ ਦੇ ਤਿੰਨ ਮਾਰਗ 'ਗਿਆਨ ਮਾਰਗ, ਭਗਤੀ-ਮਾਰਗ ਤੇ ਕਰਮ-ਮਾਰਗ ਦੇ ਸਿਧਾਂਤਾਂ ਦਾ ਇਹ ਅਥਾਹ ਗਿਆਨ ਦਾ ਸਾਗਰ ਹੈ। ਇਸ ਗਰੰਥ ਦਾ ਅਲੌਕਿਕ ਉਦੇਸ਼ ਹੈ, ਇਸ ਦੇ ਸ਼ਲੋਕਾਂ ਦੀ ਜਿੰਨੀ ਪਦ-ਅਰਥਾਂ ਦੀ ਵਿਆਖਿਆ ਕੀਤੀ ਹੈ, ਉਹ ਵੀ ਵਿਚਿੱਤਰ ਹੈ। ਸੈਂਕੜੇ ਵਿਦਵਾਨ ਸਵਾਮੀ ਸੰਤ ਮਹਾਤਮਾ ਇਸ ਦੇ ਸ਼ਲੋਕਾਂ ਦੀ ਵਿਆਖਿਆ ਕਰਦੇ ਹਨ, ਹਰ ਇਕ ਦੇ ਆਪਣੇ ਮੱਤਾਨੁਸਾਰ ਨਵੇਂ ਵਿਚਾਰ ਪੇਸ਼ ਹੁੰਦੇ ਹਨ। ਕੋਈ ਵਿਅਕਤੀ ਕਿਸੇ ਵੀ ਵਰਣ ਦਾ ਹੋਵੇ, ਕਿਸੇ ਆਸ਼ਰਮ ਸਮੁਦਾਏ ਮਤ ਦਾ ਹੋਵੇ, ਉਸ ਲਈ ਇਹ ਗਰੰਥ ਕਲਿਆਣਕਾਰੀ ਹੈ, ਪ੍ਰੇਰਨਾ ਸਰੋਤ ਹੈ। ਜਿਨ੍ਹਾਂ ਨੂੰ ਆਪਣੇ ਕਲਿਆਨ ਦੀ ਅਭਿਲਾਸ਼ਾ ਹੈ, ਉਨ੍ਹਾਂ ਲਈ ਗੀਤਾ ਉਪਦੇਸ਼ ਅਕਸ਼ੀਰ ਦਵਾਈ ਵਾਂਗ ਹੈ।

ਵੇਦਾਂਤ ਦਰਸ਼ਨ ਦਾ ਇਹ ਅਲੌਕਿਕ ਗਰੰਥ ਅਜਿਹੀਆਂ ਦਾਰਸ਼ਨਿਕ ਉਕਤੀਆਂ, ਨੀਤੀ-ਵਚਨਾਂ ਉਪਦੇਸ਼ਾਤਮਿਕ ਵਾਕਾਂ ਅਤੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਕਹੀਆਂ ਹੋਈਆਂ ਅਰਥ ਭਰਪੂਰ ਗੱਲਾਂ ਨਾਲ ਭਰਿਆ ਪਿਆ ਹੈ ਕਿ ਸਮਝਣ ਵਾਲਾ ਵਿਚਾਰਵਾਨ ਵਿਅਕਤੀ ਜ਼ਿੰਦਗੀ ਦੇ ਹਰ ਖੇਤਰ ਲਈ, ਇਨ੍ਹਾਂ ਤੋਂ ਪ੍ਰੇਰਨਾ ਲੈ ਸਕਦਾ ਹੈ। ਗੀਤਾ ਦੇ ਇਹ ਨੀਤੀ ਵਚਨ ਤੇ ਉਪਦੇਸ਼ਾਤਮਿਕ ਵਾਕ ਭਾਵੇਂ ਗੂੜ੍ਹ ਤੇ ਜਟਿਲ ਤੇ ਅਸ਼ਪੱਸ਼ਟ ਹਨ ਕਿ ਕਈ ਵਾਰ ਇਨ੍ਹਾਂ ਦੇ ਅਰਥ ਸਮਝਣੇ ਔਖੇ ਲੱਗਦੇ ਹਨ। ਪਰ ਫਿਰ ਵੀ ਭਗਵਤ ਗੀਤਾ ਨੂੰ ਉਪਨਿਸ਼ਦਾਂ ਅਥਵਾ ਭਾਰਤੀ ਵੇਦਾਂਤ-ਦਰਸ਼ਨ ਦਾ ਮੂਲ ਸਾਰ ਤੇ ਮੂਲ ਪ੍ਰਕ੍ਰਿਤੀ ਕਹਿ ਸਕਦੇ ਹਾਂ। ਜੇ ਵੇਦਾਂਤ ਦਰਸ਼ਨ ਦੀ ਤੁਲਨਾ ਇਕ ਗਊ ਨਾਲ ਕੀਤੀ ਜਾਵੇ ਤਾਂ ਅਸੀਂ ਸ਼੍ਰੀ ਭਗਵਦ ਗੀਤਾ ਨੂੰ ਉਸ ਗਊ ਦਾ ਦੁੱਧ ਕਹਿ ਸਕਦੇ ਹਾਂ। ਜਿਸ ਨੇ ਗੀਤਾ ਗਿਆਨ ਦੇ ਪਵਿੱਤਰ ਦੁੱਧ ਨੂੰ ਗ੍ਰਹਿਣ ਕਰ ਲਿਆ ਹੈ, ਸਮਝੋ ਉਸ ਨੇ ਭਾਰਤੀ ਵੇਦਾਂਤ ਨੂੰ ਸਮਝ ਕੇ ਆਪਣਾ ਕਲਿਆਣ ਕਰ ਲਿਆ ਹੈ। ਇਸ ਗਰੰਥ ਦੀ ਮਹਿਮਾ ਕਰਨੀ ਔਖੀ ਹੈ, ਇਸੇ ਤਰ੍ਹਾਂ ਇਸ ਦਾ ਮਹੱਤਵ ਸਮਝਣਾ ਵੀ ਮੁਸ਼ਕਲ ਹੈ। ੦ ਸ਼੍ਰੀ ਭਗਵਦ ਗੀਤਾ ਨੂੰ ਪੰਜਵਾਂ ਵੇਦ ਅਖਵਾਉਣ ਦਾ ਮਾਨ ਪ੍ਰਾਪਤ ਹੈ। ਉਂਜ ਉਪਨਿਸ਼ਦ ਬ੍ਰਹਮ-ਸੂਤਰ ਅਤੇ ਸ਼੍ਰੀ ਭਗਵਦ ਗੀਤਾ - ਧਰਮ-ਗਰੰਥਾਂ ਦੀ ਤ੍ਰਿਕੜੀ ਤ੍ਰਿਮੂਰਤੀ ਹੈ, ਇਨ੍ਹਾਂ ਤਿੰਨਾਂ ਗਰੰਥਾਂ ਵਿਚਲੀ ਸਿਧਾਂਤਕ ਵਸਤੂ ਵਿਚ ਆਪਸੀ ਵਿਰੋਧਾਭਾਸ ਨਹੀਂ ਹੈ। ਜੇ ਹਿੰਦੂ ਧਰਮ ਗਰੰਥਾਂ ਵਿਚੋਂ ਸਭ ਤੋਂ ਸਰਬੋਤਮ ਗਰੰਥਾਂ ਦਾ ਨਾਂ ਲਿਆ ਜਾਵੇ ਤਾਂ ਇਹੋ ਤਿੰਨ ਧਰਮ-ਗਰੰਥ ਸਿਰਮੌਰ ਉਤਕ੍ਰਿਸ਼ਟ ਧਰਮ ਗਰੰਥ ਹਨ।

੦ ਸ਼੍ਰੀ ਭਗਵਦ ਗੀਤਾ ਦੀ ਵਿਲੱਖਣਤਾ ਅਦਭੁਤੱਤਾ ਅਤੇ ਅਦੁਤੀ ਹੋਣ ਦਾ ਕਾਰਣ ਇਹ ਵੀ ਹੈ ਕਿ ਮਹਾਂਭਾਰਤ ਵਰਗੇ ਮਹਾਂਕਾਵਿ ਦਾ ਇਕ ਭਾਵ ਹੈ। ਇਸ ਨੂੰ ਸਮਝਣਾ ਆਸਾਨ ਨਹੀਂ। ਵੇਦਾਂਤ ਦਰਸ਼ਨ ਦੇ ਅਦਵੈਤ ਦਵੈਤ ਦਵੈਤਾਦਵੈਤ ਮੱਤ ਦੇ ਸਾਰਿਆਂ ਵਿਦਵਾਨਾਂ ਨੇ ਗੀਤਾ ਸੰਬੰਧੀ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਵਿਆਖਿਆ ਕਰਨ ਸਮੇਂ ਵਿਆਖਿਆਕਾਰ ਦਾ ਆਪਣਾ ਸਿਧਾਂਤ, ਵਿਆਖਿਆ ਉੱਪਰ ਪ੍ਰਭਾਵ ਪਾਉਂਦਾ ਹੈ। ਫਿਰ ਵੀ ਸ਼ੰਕਰਾਚਾਰੀਆ ਰਾਹੀਂ ਅਦਵੈਤਪਰਕ ਗੀਤਾ ਭਾਸ਼ਯ ਉੱਪਰ ਕੀਤਾ ਟੀਕਾ ਵਧੇਰੇ ਪਰਮਾਣਿਤ ਮੰਨਿਆ ਜਾਂਦਾ ਹੈ। ਏਸੇ ਤਰ੍ਹਾਂ ਮਧੁਸੂਦਨ ਸਰਸਵਤੀ ਜੀ ਭਾਵੇਂ ਅਦਵੈਤਵਾਦੀ ਸਨ ਪਰ ਆਪ ਪੱਕੇ ਕ੍ਰਿਸ਼ਨ ਭਗਤ ਸਨ। ਉਨ੍ਹਾਂ ਵੱਲੋਂ ਕੀਤਾ ਗੀਤਾ ਦਾ ਟੀਕਾ ਗੂੜਾਰਥ ਦੀਪਿਕਾ ਬਹੁਤ ਹੀ ਪ੍ਰਸਿੱਧ ਹੈ। ਅਨੇਕਾਂ ਹੋਰ ਮਹਾਤਮਾ ਵਿਦਵਾਨਾਂ ਨੇ ਗੀਤਾ ਅਧਿਐਨ ਕੀਤਾ ਹੈ, ਟੀਕੇ ਰਚੇ ਹਨ ਤੇ ਜੋ ਆਚਾਰੀਆ ਦੀ ਪਦਵੀ ਗ੍ਰਹਿਣ ਕਰ ਚੁੱਕੇ ਹਨ। ਪਰ ਸਾਰਿਆਂ ਨੇ ਆਪਣੇ ਆਪਣੇ ਸਿਧਾਂਤਾਂ ਨੂੰ ਪ੍ਰਮਾਨਿਕਤਾ-ਪੂਰਵਕ ਸਥਾਪਿਤ ਕਰਨ ਲਈ ਗੀਤਾ ਨੂੰ ਆਧਾਰ ਬਣਾਇਆ ਹੈ। ਪਰੰਤੂ ਗੀਤਾ ਇਕ ਅਜਿਹਾ ਗਰੰਥ ਹੈ, ਜਿਸ ਵਿਚ ਸੰਪਰਦਾਇ ਜਾਤੀ ਤੇ ਦੇਸ਼ ਦੀ ਭਿੰਨਤਾ ਦਾ ਨਿਰਾਕਰਣ ਕੀਤਾ ਗਿਆ ਹੈ। ਗੀਤਾ ਉਪਦੇਸ਼ - ਅਜਿਹੇ ਮਾਨਵ ਧਰਮ ਦੀ ਨੀਂਹ ਰੱਖਦੇ ਹਨ, ਜਿਸ ਦੇ ਅਮਲ ਵਿਚ ਸਮੁੱਚੀ ਮਾਨਵ ਜਾਤੀ ਦਾ ਕਲਿਆਨ ਹੈ। ੦ ਅਰੁਬਿੰਦੋ ਘੋਸ਼ ਵਰਗੇ ਮਹਾਨ ਵਿਚਾਰਵਾਨ ਅਨੁਸਾਰ ਗੀਤਾ ਦੀ ਸ਼ੋਭਾ ਤੇ ਪ੍ਰਸਿੱਧੀ ਉਸ ਦੇ ਵਿਸ਼ਵ ਰੂਪ ਦੀ ਅਭਿਵਿਅੰਜਨਾ ਵਿਚ ਹੈ। ਗੀਤਾ-ਆਤਮਾ ਜੀਵ-ਆਤਮਾ, ਪ੍ਰਾਣ ਜੀਵ ਨਿਰਾਕਾਰ ਬ੍ਰਹਮ ਪਰਮਾਤਮਾ ਭੂਤ ਪ੍ਰੇਤ, ਹਿੰਮਤ ਹੌਂਸਲਾ ਜੋਸ਼ ਹੀਆ

ਉਤਸ਼ਾਹ, ਮਨੋ-ਭਾਵ, ਪ੍ਰਕ੍ਰਿਤੀ ਸਰੀਰ ਸਰੀਰੀ ਮਨੁੱਖੀ ਪ੍ਰਕ੍ਰਿਤੀ (ਸੁਭਾਅ) ਵਾਸਤਵਿਕ ਭਾਵ, ਮਾਨਸਿਕ ਝੁਕਾਓ, ਸਜੀਵਤਾ, ਪਦਾਰਥ, ਜਗਤ ਜੀਵ, ਚੜ੍ਹਦੀ ਕਲਾ, ਉਤਸ਼ਾਹਿਤ ਕਰਨ ਦੀ ਪ੍ਰਕ੍ਰਿਆ, ਗੁਣ (ਸਤੋ ਰਜੋ ਤਮੋ) ਕਰਮ ਗਿਆਨ, ਚੇਤਨਾ ਜੜ੍ਹ, ਭਗਤੀ ਯੋਗ, ਭੌਤਿਕ ਅਭੌਤਿਕ, ਆਤਮ-ਗਿਆਨ, ਸ਼ਰਧਾ, ਨੀਤੀ, ਮੋਹ ਪਿਆਰ, ਮਾਯਾ, ਵਿਭੂਤੀਆਂ, ਬ੍ਰਹਮ, ਈਸ਼ਵਰ ਆਤਮ ਵਾਦ, ਅਧਿਆਤਮਕਤਾ, ਕਰਮ, ਕਰਤੱਵ, ਇੱਛਾ ਪ੍ਰੇਯਸ੍ ਸ਼੍ਰੇਯਸ੍ ਕਰਤੱਵ-ਕਰਮ, ਕਾਮ ਕ੍ਰੋਧ ਲੋਭ ਮੋਹ ਹੰਕਾਰ, ਪ੍ਰਾਕ੍ਰਿਤਕ ਤੱਤ ਹਵਾ ਪਾਣੀ ਮਿੱਟੀ ਅੱਗ ਆਕਾਸ਼, ਆਦਿ ਸੈਂਕੜੇ ਵਿਸ਼ਿਆਂ ਸੰਬੰਧੀ ਦਰਸ਼ਨ ਨੂੰ ਪਰਿਭਾਸ਼ਤ ਕਰਨ ਵਾਲਾ ਗਰੰਥ ਹੈ, ਜਿਸ ਦਾ ਵਰਨਣ ਕਰਨਾ ਸੂਰਜ ਨੂੰ ਚਿਰਾਗ਼ ਦਿਖਾਉਣਾ ਹੈ। ਮਹਾਤਮਾ ਬਾਲ-ਗੰਗਾਧਰ ਤਿਲਕ ਵਰਗੇ ਵਿਦਵਾਨ ਗੀਤਾ ਦੇ ਕਰਮਯੋਗ ਨੂੰ ਗੀਤਾ ਦਰਸ਼ਨ ਦਾ ਨਿਚੋੜ ਮੰਨਦੇ ਹਨ। ਮਨੁੱਖੀ ਮਨ ਵਿਚ ਜੋ ਦਵੰਦ ਹੈ, ਉਹ ਤਨ ਮਨ ਨੂੰ ਨਿਰੋਗ ਤਾਂ ਕਰਦਾ ਹੀ ਹੈ, ਉਸ ਦੇ ਹੁੰਦਿਆਂ ਦਿਲ ਦਿਮਾਗ਼ ਸਹੀ ਫ਼ੈਸਲਾ ਨਹੀਂ ਕਰ ਸਕਦਾ। ਗੀਤਾ ਦਾ ਪਹਿਲਾ ਅਧਿਆਇ ਅਰਜਨ ਦੇ ਮਨ ਵਿਚ ਪੈਦਾ ਹੋਏ ਦਵੰਦ ਨੂੰ ਤਸਵੀਰਦਾ ਹੈ। ਮਨ ਵਿਚ ਹੋ ਰਿਹਾ ਯੁੱਧ ਕਰੂਕੁਸ਼ੇਤਰ ਯੁੱਧ ਤੋਂ ਵੀ ਤੀਬਰ ਭਿਆਨਕ ਹੁੰਦਾ ਹੈ। ਮਨ ਦੇ ਸੰਘਰਸ਼ ਉੱਪਰ ਕਾਬੂ ਪਾਉਣ ਵਾਲਾ ਅਸਲ ਯੋਧਾ ਹੈ। ਜੀਵਨ ਵਿਚ ਪੇਸ਼ ਸਮੱਸਿਆਵਾਂ ਨੂੰ ਬਲਵਾਨ ਆਤਮਾ ਦੇ ਅਟੱਲ ਵਿਸ਼ਵਾਸ ਨਾਲ ਹੀ ਹੱਲ ਕੀਤਾ ਜਾ ਸਕਦਾ ਹੈ। ਸ਼੍ਰੀ ਭਗਵਦ ਗੀਤਾ - ਮਹਾਂਭਾਰਤ ਕਾਵਿ ਦਾ ਉਹ ਹਿੱਸਾ ਹੈ, ਜਿਸ ਵਿਚ ਕਰੂਕੁਸ਼ੇਤਰ ਦਾ ਯੁੱਧ ਆਰੰਭ ਹੋਣ ਤੋਂ ਪਹਿਲਾਂ ਆਪਣੇ ਮਹਾਨ ਰਥ ਉੱਪਰ ਸਵਾਰ ਅਰਜਨ ਅਤੇ ਸ਼੍ਰੀ ਕ੍ਰਿਸ਼ਨ - ਆਹਮਣੇ ਸਾਹਮਣੇ ਖੜ੍ਹੀਆਂ ਪਾਂਡਵਾਂ ਤੇ ਕੌਰਵ ਸੈਨਾਵਾਂ ਦੇ ਵਿਚਕਾਰ ਖੜ੍ਹੇ ਸੰਵਾਦ ਰਚਾ ਰਹੇ ਹਨ।

ਸਾਰੀ ਕਾਇਨਾਤ, ਸਾਰੀ ਚੇਤਨ ਸੰਵੇਦਨਸ਼ੀਲਤਾ ਤੇ ਅਚੇਤ ਅਸੰਵੇਦਨਸ਼ੀਲਤਾ ਪਰਮਾਤਮਾ ’ਚੋਂ ਬਾਹਰ ਆ ਕੇ ਇਕ ਅਵਤਾਰ ਦਾ ਰੂਪ ਧਾਰਨ ਕਰਦੀ ਹੈ। ਦੁਨੀਆਵੀ ਰੂਪ ਵਿਚ ਦੇਹਧਾਰੀ ਸ਼੍ਰੀ ਕ੍ਰਿਸ਼ਨ ਅਵਤਾਰ ਧਾਰਦੇ ਹਨ, ਤਾਂ ਕਿ ਇਸ ਧਰਤੀ ਉੱਪਰ ਮੁੜ ਕੇ ਪਰਮਾਤਮਾ ਦਾ ਉੱਚਤਮ ਪ੍ਰਕਾਸ਼, ਅਧਿਆਤਮਕ ਜੋਤ, ਅਤੇ ਨੈਤਿਕਤਾ ਦਾ ਚਾਨਣ ਸਥਾਪਿਤ ਕੀਤਾ ਜਾਵੇ। ਅਜਿਹੇ ਉੱਤਮ ਕਾਰਜ ਦੀ ਪ੍ਰਾਪਤੀ ਲਈ ਕੰਸ ਵਰਗੇ ਜ਼ਾਲਮ, ਨਾਲ ਟੱਕਰ ਲੈਣੀ ਪੈਂਦੀ ਹੈ। ਅਨਿਆਇ ਨੂੰ ਹਰਾਉਣ ਵਾਸਤੇ ਯੁੱਧ ਕਰਨਾ ਪੈਂਦਾ ਹੈ। ਸਤ੍ਨਿਆਇ ਕਰਤੱਵ ਕਰਮ, ਗਿਆਨ ਭਗਤੀ ਯਗ, ਤੇ ਧਰਮ ਦੀ ਸਥਾਪਤੀ ਲਈ ਗੀਤਾ ਵਰਗੇ ਮਹਾਨ ਦਰਸ਼ਨ ਨੂੰ ਸੰਚਾਰਨਾ ਪੈਂਦਾ ਹੈ। ੦ ਸ਼੍ਰੀ ਕ੍ਰਿਸ਼ਨ ਜੀ ਤੇ ਸ਼੍ਰੀ ਅਰਜਨ ਦੇ ਗੀਤਾ ਸੰਵਾਦ ਦਾ ਮੁੱਖ ਲਕਸ਼ ਮਨੁੱਖ ਨੂੰ (ਕਿਸੇ ਵਾਦ, ਮੱਤ, ਸਿਧਾਂਤ ਦਾ ਭਾਵੇਂ ਉਹ ਕਿਉਂ ਨਾ ਮੰਨਣ ਵਾਲਾ ਹੋਵੇ) ਹਰ ਹਾਲਾਤ ਵਿਚ ਕਲਿਆਣਕਾਰੀ ਬਣਾਉਣਾ ਹੈ। ਮਨੁੱਖ ਦਾ ਕਲਿਆਣ ਕਰਨਾ - ਬਹੁਤ ਵੱਡਾ ਮੰਤਵ ਹੈ। ੦ ਮਨੁੱਖ ਦਾ ਜਨਮ ਹੀ ਉਸ ਦੇ ਕਲਿਆਣ ਲਈ ਹੀ ਹੋਇਆ ਹੈ। ੦ ਪਰਮਾਤਮਾ ਨੂੰ ਸਮਝਣਾ ਤੇ ਸਮਝਾਉਣਾ ਗੀਤਾ ਦਾ ਦੂਜਾ ਲਕਸ਼ ਹੈ। ੦ ਹਰ ਹਾਲਤ ਵਿਚ ਸੁੱਖ ਵਿਚ ਵੀ ਦੁੱਖ ਵਿਚ ਵੀ - ਸਦ-ਉਪਯੋਗ ਕਰਨਾ ਹੈ। ਦੁੱਖ ਆਉਣ ਸਮੇਂ ਸੁੱਖ ਦੀ ਇੱਛਾ ਦਾ ਤਿਆਗ ਤੇ ਸੁੱਖ ਸਮੇਂ - ਸਦਾ ਸੁਖ ਭੋਗ ਬਣਿਆ ਰਹੇ ਦਾ ਤਿਆਗ ਜ਼ਰੂਰੀ ਹੈ ੦ ਸਦਉਪਯੋਗ ਸੇਵਾ ਦਾ ਨਾਂ ਹੈ, ਮਾਨਵ ਸੇਵਾ - ਦੁਖੀਆਂ ਦਾ ਦੁੱਖ ਘਟਾਉਣਾ ੦ ਆਪਣਾ ਆਪ ਪਰਮਾਤਮਾ ਦੇ ਹਵਾਲੇ ਕਰਨ ਦੇ ਭਾਵ ਵੀ ਮਾਨਵ ਸੇਵਾ ਦੇ ਹਨ। ੦ ਯੋਗ - ਜਿਸ ਦੇ ਅਰਥ ਹਨ ਸਮਰੂਪ ਪਰਮਾਤਮਾ ਦੇ ਨਾਲ ਸੰਬੰਧ। ਚਿੱਤ ਦੀ ਸਮਰੂਪਤਾ - ਇਹ ਯੋਗ ਸ਼ਬਦ ਵੀ ਲੋਕ ਸੇਵਾ ਦੇ ਭਾਵਾਰਥ ਸੰਚਾਰਦਾ ਹੈ। ਯੋਗ ਸੰਜਮ ਦਾ ਨਾਂ ਹੈ। ਸਮਰੱਥਾ ਦਾ ਰੂਪ ਹੈ, ਨਰੋਏ ਪ੍ਰਭਾਵ ਦੀ ਪ੍ਰੋੜਤਾ ਕਰਦਾ ਹੈ, ਸਥਿਰਤਾ ਦੀ ਮੁਖਤਾ ਹੈ। ਸਮਤਾ ਦੀ ਲੋੜ ਦਰਸਾਉਂਦਾ ਹੈ, ਸਾਧਨਾ ਹੈ। ਗੀਤਾ ਵਿਚ ਯੋਗ ਦੀ ਸਰਬ ਵਿਆਪਤਾ ਨੂੰ ਸਮਝਣਾ ਜੀਵਨ ਦਾ ਕਲਿਆਣ ਕਰਨਾ ਹੈ। ੦ ਸਮਤਾ ਅਰਥਾਤ ਨਿਤ੍ਯ ਯੋਗ ਦਾ ਅਨੁਭਵ ਕਰਵਾਉਣ ਲਈ ਗੀਤਾ ਵਿਚ ਕਰਮਯੋਗ, ਗਿਆਨ ਯੋਗ ਤੇ ਭਗਤੀ ਯੋਗ ਦਾ ਵਿਸਥਾਰ ਪੂਰਵਕ ਵਰਨਣ ਕੀਤਾ ਗਿਆ ਹੈ। ਇਨ੍ਹਾਂ ਰਾਹੀਂ ਮਨੁੱਖ ਨੂੰ 1. ਕਰਮ ਦੀ ਸ਼ਕਤੀ (ਬਲ) 2. ਜਾਣਨ ਦੀ ਸ਼ਕਤੀ (ਗਿਆਨ) ਅਤੇ 3. ਮੰਨਣ ਦੀ ਸ਼ਕਤੀ (ਵਿਸ਼ਵਾਸ) ਤਿੰਨਾਂ ਸ਼ਕਤੀਆਂ ਦਾ ਸਦ੍ਉਪਯੋਗ ਕੇਵਲ ਮਾਨਵ ਸੇਵਾ, ਮਾਨਵ ਭਲਾਈ, ਮਾਨਵ ਕਲਿਆਣ ਕਰਨ ਵਿਚ ਹੈ। ਯਗ ਦਾਨ ਤਪ ਧਿਆਨ ਯੋਗ ਪ੍ਰਾਣਾਯਾਮ ਹੱਠ-ਯੋਗ, ਲਯ-ਯੋਗ ਆਦਿ ਹੋਰ ਸਾਧਨ, ਜੋ ਵੀ ਵਰਨਣ ਕੀਤੇ ਗਏ ਹਨ - ਉਨ੍ਹਾਂ ਦਾ ਮੁੱਖ ਉਦੇਸ਼ ਮਾਨਵ ਕਲਿਆਣ ਹੈ। ਗੀਤਾ ਕਲਿਆਣ ਸਾਧਨਾਂ ਦਾ ਕੋਸ਼ ਕਿਹਾ ਜਾ ਸਕਣ ਵਾਲਾ ਗਰੰਥ ਹੈ।

੦ ਗੀਤਾ ਵਿਚ ਸਾਧਨ ਦੀਆਂ ਦੋ ਸ਼ੈਲੀਆਂ ਹਨ 1. ਚੇਤਨ ਤੇ 2. ਜੜ੍ਹ। ਜੀਵ ਵਿਚ ਚੇਤਨ ਪਰਮਾਤਮਾ ਦਾ ਅੰਸ਼ ਹੈ ਅਤੇ ਇਕ ਜੜ੍ਹ ਪ੍ਰਕ੍ਰਿਤੀ ਦਾ ਅੰਸ਼ ਹੈ। ਜੇ ਜੀਵ ਚੇਤਨ ਅੰਸ਼ ਹੈ ਤਾਂ ਉਹ ਪਰਮਾਤਮਾ ਦੀ ਇੱਛਾ ਕਰਦਾ ਹੈ, ਜੇ ਜੀਵ ਵਿਚ ਜੜ੍ਹ (ਪ੍ਰਕ੍ਰਿਤੀ) ਅੰਸ਼ ਦੀ ਪ੍ਰਧਾਨਤਾ ਹੈ ਤਾਂ ਉਹ ਸੰਸਾਰ ਦੀ ਇੱਛਾ ਕਰਦਾ ਹੈ। ਇਨ੍ਹਾਂ ਦੋਵਾਂ ਇੱਛਾਵਾਂ ਵਿਚ ਪਰਮਾਤਮਾ ਦੀ ਇੱਛਾ ਤਾਂ ਪੂਰੀ ਹੋਣ ਵਾਲੀ ਹੈ ਪਰ, ਸੰਸਾਰਕ ਇੱਛਾਵਾਂ ਦੀ ਕਦੇ ਵੀ ਪੂਰਤੀ ਨਹੀਂ ਹੁੰਦੀ। ਪੂਰਤੀ ਜੇ ਹੁੰਦੀ ਵੀ ਹੈ, ਤਾਂ ਨਵੀਆਂ ਨਵੀਆਂ ਕਾਮਨਾਵਾਂ ਦੇ ਪੈਦਾ ਹੋਣ ਨਾਲ ਇੱਛਾਵਾਂ ਅਧੂਰੀਆਂ ਹੀ ਰਹਿੰਦੀਆਂ ਹਨ। ਸੰਸਾਰਕ ਵਸਤਾਂ ਦੀ ਪ੍ਰਾਪਤੀ ਇੱਛਾਵਾਂ ਦੇ ਅਧੀਨ ਨਹੀਂ ਹੈ, ਪਰਕਰਮ ਦੇ ਅਧੀਨ ਹੈ। ਪਰ ਪਰਮਾਤਮਾ ਦੀ ਪ੍ਰਾਪਤੀ ਕਰਮ ਦੇ ਅਧੀਨ ਨਹੀਂ ਹੈ। ਆਪਣੇ ਅੰਦਰ (ਅੰਤਹਕਰਣ) ਤੀ ਤੀਬਰ ਅਭਿਲਾਸ਼ਾ ਮਾਤਰ ਤੋਂ ਹੀ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ੦ ਹਰੇਕ ਕਰਮ ਦਾ ਆਦਿ ਤੇ ਅੰਤ ਹੁੰਦਾ ਹੈ। ਇਸ ਲਈ ਇਸ ਦਾ ਫਲ ਵੀ ਆਦਿ ਅੰਤ ਵਾਲਾ ਹੋਵੇਗਾ। ਇਸ ਲਈ ਆਦਿ ਅੰਤ ਹੁੰਦਾ ਹੈ। ਇਸ ਲਈ ਇਸ ਦਾ ਫਲ ਵੀ ਆਦਿ ਅੰਤ ਵਾਲਾ ਹੋਵੇਗਾ। ਇਸ ਲਈ ਆਦਿ ਅੰਤ ਵਾਲੇ ਕਰਮ ਤੋਂ ਅਨਾਦਿ ਅਨੰਤ ਪਰਮਾਤਮਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ। ਪਰ ਸਾਧਕਾਂ ਨੇ ਤਾਂ ਅਜਿਹਾ ਸਮਝ ਰੱਖਿਆ ਹੈ, ਜਿਵੇਂ ਕਿਰਿਆਵਾਂ ਦੀ ਪ੍ਰਧਾਨਤਾ ਨਾਲ ਹੀ ਸੰਸਾਰਕ ਵਸਤਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਏਸੇ ਤਰ੍ਹਾਂ ਪਰਮਾਤਮਾ ਦੀ ਪ੍ਰਾਪਤੀ ਦੀ ਕਿਰਿਆ ਦੀ ਪ੍ਰਧਾਨਤਾ ਰਾਹੀਂ ਹੋਵੇਗੀ ਤੇ ਜਿਵੇਂ ਸੰਸਾਰਕ ਵਸਤਾਂ ਦੀ ਪ੍ਰਾਪਤੀ ਦੇ ਵਾਸਤੇ ਸਰੀਰ ਇੰਦ੍ਰੀਆਂ ਮਨ ਬੁੱਧੀ ਦੀ ਸਹਾਇਤਾ ਲੈਣੀ ਪੈਂਦੀ ਹੈ। ਇਸ ਲਈ ਸਾਧਕ ਜੜ੍ਹਤਾ (ਸਰੀਰ ਆਦਿ) ਦੀ ਸਹਾਇਤਾ ਨਾਲ ਅਭਿਆਸ ਕਰਦਿਆਂ ਪਰਮਾਤਮਾ ਵੱਲ ਜਾਂਦੇ ਹਨ। ਜਿਵੇਂ ਧਿਆਨ ਵਿਚ ਲੰਮੇ ਸਮੇਂ ਤੱਕ ਅਭਿਆਸ ਕਰਦਿਆਂ, ਜਦ ਚਿੱਤ ਨਿਰੁੱਧ ਹੋ ਜਾਂਦਾ ਹੈ ਤਾਂ ਉਸ ਵਿਚ ਸੰਸਾਰ ਦੀ ਕੋਈ ਇੱਛਾ ਨਾ ਰਹਿਣ ਕਰਕੇ ਆਪਣੇ ਆਪ ਜੜ੍ਹ ਹੋਣ ਕਾਰਣ ਪਰਮਾਤਮਾ ਨੂੰ ਗ੍ਰਹਿਣ ਨਾ ਕਰ ਸਕਣ ਤੋਂ ਉਹ (ਚਿੱਤ) ਸੰਸਾਰ ਤੋਂ ਉਪਰਾਮ ਹੋ ਜਾਂਦਾ ਹੈ। ਜਿਸ ਕਰਕੇ ਸਾਧਕ ਚਿੱਤ ਤੋਂ ਅਰਥਾਤ ਜੜ੍ਹਤਾ ਤੋਂ ਹੀ ਪੂਰੀ ਤਰ੍ਹਾਂ ਸੰਬੰਧ ਤੋੜ ਲੈਂਦਾ ਹੈ ਤੇ ਉਹ ਆਪਣੇ ਆਪ ਖੁਦ ਹੀ ਪਰਮਾਤਮਾ ਦਾ ਅਨੁਭਵ ਕਰਨ ਲੱਗਦਾ ਹੈ। (ਦੇਖੋ 6.20 ਸ਼ਲੋਕ) ਪਰ ਜਿਹੜਾ ਸਾਧਕ ਮੁੱਢ ਤੋਂ ਹੀ ਪਰਮਾਤਮਾ ਦੇ ਨਾਲ ਆਪਣਾ ਸੰਬੰਧ ਆਪ ਹੀ ਤੋੜ ਲੈਂਦਾ ਹੈ, ਉਸ ਨੂੰ ਬਹੁਤ ਛੇਤੀ ਆਸਾਨੀ ਨਾਲ ਪਰਮਾਤਮਾ ਦਾ ਅਨੁਭਵ ਹੋ ਜਾਂਦਾ ਹੈ। ੦ ਜਿਸ ਸ਼ੈਲੀ ਵਿਚ ਅੰਤਹਕਰਣ ਦੀ ਪ੍ਰਧਾਨਤਾ ਹੈ, ਜਿਸ ਵਿੱਚ ਸਾਧਕ, ਜੜ੍ਹਤਾ ਦੀ ਸਹਾਇਤਾ ਲੈ ਕੇ ਸਾਧਨ ਕਰਦਾ ਹੈ, ਉਸ ਨੂੰ “ਕਰਣ ਸਾਪੇਕਸ਼” ਸ਼ੈਲੀ ਕਹਿੰਦੇ ਹਨ। ੦ ਜਿਸ ਸ਼ੈਲੀ ਵਿਚ ਖੁਦ ਆਪਣੇ ਆਪ ਦੀ ਪ੍ਰਧਾਨਤਾ ਰਹਿੰਦੀ ਹੈ, ਜਿਸ ਵਿਚ ਸਾਧਕ ਮੁੱਢ ਤੋਂ ਹੀ ਜੜ੍ਹਤਾ ਦੀ ਸਹਾਇਤਾ ਨਾ ਲੈ ਕੇ, ਆਪ ਹੀ ਸਾਧਨ ਕਰਦਾ ਹੈ, ਉਸ ਨੂੰ ਕਰਣ ਨਿਰਪੇਕਸ਼ ਸ਼ੈਲੀ ਕਹਿੰਦੇ ਹਨ। ੦ ਇਹ ਪਰਮਾਤਮਾ ਨੂੰ ਪ੍ਰਾਪਤ ਕਰਨ ਦੀਆਂ ਵਿਧੀਆਂ ਦਾ ਸ਼੍ਰੀ ਭਗਵਤ ਗੀਤਾ ਵਿਚ ਵਿਸਥਾਰ ਪੂਰਵਕ ਉਲੇਖ ਮਿਲਦਾ ਹੈ। ੦ ਪਰਮਾਤਮਾ - ਦੇ ਸ਼ਬਦਾਰਥ ਪਰਮ + ਆਤਮਾ ਹਨ। ਮਨੁੱਖੀ ਜੀਵਨ ਦਾ ਮੁੱਖ ਲਕਸ਼ ਪਰਮਾਤਮਾ ਦੀ ਪ੍ਰਾਪਤੀ ਹੈ। ਗੀਤਾ ਵਿਚ ਪਰਮਾਤਮਾ ਦੀ ਵਿਸਥਾਰ ਪੂਰਵਕ ਵਿਆਖਿਆ ਹੈ। ਪਰਮਾਤਮਾ ਅਨਾਦਿ ਹੈ। ਬੇਅੰਤ ਹੈ, ਸਦੀਵੀ ਹੈ, ਨਿਰੰਤਰ ਹੈ। ਅਬਦਲ ਹੈ, ਅਜੂੰਨੀ ਹੈ। ਅਭੰਗ ਹੈ, ਨਾ ਪੈਦਾ ਹੁੰਦਾ ਹੈ, ਨਾ ਮਰਦਾ

ਹੈ, ਨਿਰਾਕਾਰ ਹੈ। ਇਕ ਸਰੂਪ ਹੈ, ਓਮ ਹੈ, ਓਂਕਾਰ ਹੈ। ਯੋਨੀਆਂ ਤੋਂ ਬਾਹਰ ਹੈ। ਨਿਰਗੁਣ ਵੀ ਹੈ। ਸਗੁਣ ਵੀ ਹੈ। ਨਿਰੰਜਣ ਹੈ, ਨਿਰਮਲ ਹੈ। ਪਵਿੱਤਰ ਹੈ - ਆਦਿ। ਪਰਮਾਤਮਾ ਨੂੰ ਥਾਂ ਥਾਂ ਉੱਪਰ ਪਰਿਭਾਸ਼ਤ ਕੀਤਾ ਗਿਆ ਹੈ। ਪਰਮਾਤਮਾ ਨੂੰ ਪ੍ਰਾਪਤ ਕਰਨਾ ਵੀ ਇਕ ਕਲਿਆਣ ਸਾਧਨ ਹੈ। ਅਥਵਾ ਪਰਮਾਤਮਾ ਦੀ ਸੋਝੀ ਪ੍ਰਾਪਤ ਕਰਨ ਵਾਲਾ ਜੀਵ ਸਾਧਕ ਵਿਅਕਤੀ, ਪਰਮ-ਆਤਮਾ ਬਣ ਸਕਦਾ ਹੈ। ਜੋ ਜੀਵ ਪਰਮ ਆਤਮਾ ਬਣ ਗਿਆ, ਉਹ ਨਿਰਮਲ ਸਵੱਛ ਆਦਰਸ਼ ਸ਼ਾਲੀਨ ਸਾਊ ਅਤੇ ਉੱਤਮ ਪੁਰਖ ਬਣ ਜਾਂਦਾ ਹੈ। ਉੱਤਮ ਪੁਰਸ਼ਾਂ ਦਾ ਸਮਾਜ ਉੱਤਮ ਸਮਾਜ ਹੈ। ਉੱਤਮ ਸਮਾਜ ਆਦਰਸ਼ ਸਮਾਜ ਦੀ ਸਿਰਜਨਾ ਕਰਦਾ ਹੈ। ਗੀਤਾ ਦਾ ਉਦੇਸ਼ ਉੱਤਮ ਪੁਰਸ਼ ਆਦਰਸ਼ ਵਿਅਕਤੀ ਅਤੇ ਆਦਰਸ਼ ਸਮਾਜ ਬਣਾ ਕੇ ਰਾਮ ਰਾਜ ਦੀ ਸਥਾਪਨਾ ਕਰਨਾ ਹੈ। ਅਜਿਹਾ ਸੰਸਾਰ ਜਿਸ ਨੂੰ ਅਸੀਂ ਬੇਗ਼ਮਪੁਰਾ ਕਹਿ ਸਕਦੇ ਹਾਂ। ਚੰਗਾ ਸ਼੍ਰੇਸ਼ਠ ਵਿਅਕਤੀ ਕੌਣ ਹੈ ? ਜਿਸ ਵਿਚ ਸਤੋਗੁਣਾਂ ਦੀ ਪ੍ਰਧਾਨਤਾ ਹੈ। ਜਿਸ ਵਿਚ ਰਜੋਗੁਣਾਂ ਦੀ ਸਦਉਪਯੋਗਤਾ ਹੈ, ਜਿਸ ਵਿਚ ਇੱਛਾਵਾਂ ਨੂੰ ਨਿਯੰਤਰਣ ਰੱਖਣ ਦੀ ਸਮਰੱਥਾ ਹੈ। ਜਿਸ ਵਿਚ ਗਿਆਨ ਵਿਗਿਆਨ ਦਾ ਅਨੁਭਵ ਹੈ। ਇਹੋ ਧਰਮ ਦਾ ਲਕਸ਼ ਹੈ। ੦ ਗੀਤਾ ਵਿਚ ਸਤੋ ਰਜੋ ਤੇ ਤਮੋ ਗੁਣਾਂ ਨੂੰ ਵਿਸਥਾਰ ਪੂਰਵਕ ਪਰਿਭਾਸ਼ਤ ਕਰਕੇ, ਇਨ੍ਹਾਂ ਦੇ ਵਿਅਕਤੀ ਵਿਚ ਵਿਦਮਾਨ ਹੋਣ ਦੇ ਪ੍ਰਭਾਵਾਂ ਦੀ ਵਿਆਖਿਆ ਕੀਤੀ ਹੈ। ਮਨੁੱਖੀ ਮਨ ਬੁੱਧੀ ਅਥਵਾ ਸਰੂਪ ਦੀ ਉਸਾਰੀ ਵਿਚ ਇਨ੍ਹਾਂ ਗੁਣਾਂ ਦੀ ਮਹੱਤਤਾ ਵਧੇਰੇ ਹੈ। ਸਤੋਗੁਣ ਵਾਲੇ ਦੀ ਪ੍ਰਕ੍ਰਿਤੀ ਅਥਵਾ ਸੁਭਾਅ ਸਾਤਵਿਕ ਗੁਣਾਂ ਵਾਲਾ ਹੁੰਦਾ ਹੈ। ਰਾਜਸੀ ਗੁਣਾਂ ਵਾਲਾ ਵਿਅਕਤੀ ਰਾਜਨੀਤੀ ਵਿਉਪਾਰ, ਸਮਾਜ ਸੰਸਾਰ ਦੇ ਕਾਰਜਾਂ ਵਿਚ ਵਧੇਰੇ ਯੋਗਦਾਨ ਪਾਉਂਦਾ ਹੈ। ਤਮੋਗੁਣੀ ਇੱਛਾਵਾਂ ਦੀ ਅਧੂਰੀ ਪੂਰਤੀ ਕਰਦਾ ਹੈ, ਸੁੱਖ ਆਨੰਦ ਖਾਣ ਪੀਣ ਵਿਚ ਗ਼ਲਤਾਨ ਹੋ ਕੇ ਨਿਰਦਈ ਜ਼ਾਲਮ ਦੁਸ਼ਟ ਕਰਮ ਕਰਦਾ ਹੈ। ਪਸ਼ੂ ਬਿਰਤੀਆਂ ਨੂੰ ਅਪਣਾਉਂਦਾ ਹੈ। ਮਾਨਵੀ - ਮਨ ਦੇ ਉਥਾਨ ਲਈ ਇਨ੍ਹਾਂ ਗੁਣਾਂ ਦਾ ਗਿਆਨ ਅਤਿ ਜ਼ਰੂਰੀ ਹੈ - ਜਿਸ ਦਾ ਵਰਨਣ ਗੀਤਾ ਵਿਚ ਵਿਸ਼ੇਸ਼ ਤੌਰ 'ਤੇ ਕੀਤਾ ਗਿਆ ਹੈ।

੦ ਅੰਤਹਕਰਣ ਨੂੰ ਸ਼ੁੱਧ ਰੱਖਣਾ, ਮਾਨਵ ਕਲਿਆਣ ਲਈ ਕਰਮ ਕਰਨੇ, ਜ਼ਰੂਰੀ ਹਨ। ਕਰਮ ਸ਼ੁੱਧ ਹੋਣ ਨਾਲ ਕਿਰਿਆ ਸ਼ੁੱਧ ਹੋ ਜਾਂਦੀ ਹੈ, ਪਰ ਕੰਮ ਕਰਨ ਵਾਲਾ ਕਰਤਾ ਸ਼ੁੱਧ ਨਹੀਂ ਹੁੰਦਾ। ਕਰਤਾ ਸ਼ੁੱਧ ਤਾਂ ਹੁੰਦਾ ਹੈ, ਜਦ ਉਹ ਆਪਣੇ ਅੰਤਹਕਰਣ ਨਾਲੋਂ ਸੰਬੰਧ ਤੋੜ ਲਵੇ। ੦ ਜੀਵ ਨੂੰ ਪਰਮਾਤਮਾ ਦਾ ਅੰਸ਼ ਕਿਹਾ ਗਿਆ ਹੈ। ਭਾਵ, ਉਹ ਪਰਮਾਤਮਾ ਦੇ ਨੇੜੇ ਹੈ। ਪਰਮਾਤਮਾ ਦੇ ਸਦਾ ਹੀ ਅੰਗ ਸੰਗ ਹੈ। ਅਸਲ ਵਿਚ ਦੇਖਿਆ ਜਾਵੇ ਤਾਂ ਜੀਵ ਦਾ ਪਰਮਾਤਮਾ ਨਾਲੋਂ ਕਦੇ ਵੀ ਵਿਯੋਗ ਨਹੀਂ ਹੁੰਦਾ। ਹੋਣਾ ਵੀ ਸੰਭਵ ਨਹੀਂ ਹੈ। ਇਹ ਵਿਯੋਗ ਤਾਂ ਹੁੰਦਾ ਹੈ, ਜਦੋਂ ਜੀਵ-ਕੇਵਲ ਸੰਸਾਰ ਨਾਲ ਮੰਨੇ ਹੋਏ ਸੰਯੋਗ ਦੇ ਕਾਰਣ ਪਰਮਾਤਮਾ ਤੋਂ ਵਿਯੋਗ ਪ੍ਰਤੀਤ ਕਰਦਾ ਹੈ। ਜਦ ਜੀਵ ਸੰਸਾਰ ਨਾਲ ਮੰਨੇ ਹੋਏ ਸੰਯੋਗ ਦਾ ਤਿਆਗ ਕਰ ਲੈਂਦਾ ਹੈ ਤਾਂ ਜੀਵ ਨੂੰ ਪਰਮਾਤਮਾ ਤੱਤਵ ਦਾ ਤਤਕਾਲ ਨਿਤ੍ਯ ਯੋਗ ਦਾ ਅਨੁਭਵ ਹੋ ਜਾਂਦਾ ਹੈ। ਉਸ ਵਿਚ ਸਥਾਈ ਸਥਿਤੀ ਹੋ ਜਾਂਦੀ ਹੈ। ੦ ਗੀਤਾ ਵਿਚ ਕਰਮਯੋਗ, ਗਿਆਨ ਯੋਗ ਤੇ ਭਗਤੀ ਯੋਗ ਤਿੰਨੇ ਸਾਧਨ ਕਰਣ ਨਿਰਪੇਕਸ਼ ਅਰਥਾਤ ਆਪਣੇ ਆਪ ਵਿਚ ਹੋਣ ਵਾਲੇ ਸਾਧਨ ਹਨ। ਕਾਰਣ ਇਹ ਹੈ ਕਿ ਕਿਰਿਆ ਤੇ ਪਦਾਰਥ ਆਪਣੇ ਤੇ ਆਪਣੇ ਲਈ ਨਹੀਂ ਹਨ, ਬਲਕਿ ਦੂਜਿਆਂ ਦੇ ਤੇ ਦੂਜਿਆਂ ਦੀ ਸੇਵਾ ਅਥਵਾ ਮਾਨਵ-ਸੇਵਾ ਲਈ ਹਨ। ੦ ਗੀਤਾ ਨੂੰ ਅਜਿਹੇ ਕਲਿਆਣਕਾਰੀ ਕਾਰਜਾਂ ਦੇ ਅਨੁਭਵ ਕਰਵਾਉਣ ਲਈ 'ਸਾਧਕ ਸੰਜੀਵਨੀ' ਕਿਹਾ ਗਿਆ ਹੈ।

੦ ਇਸ ਧਰਮ ਗਰੰਥ ਵਿਚ ਪੇਸ਼ ਮਹਾਕਾਵਿ ਦੇ ਨਾਇਕ ਪੁਰਸ਼ ਖੁਦ ਆਪ ਸ਼੍ਰੀ ਕ੍ਰਿਸ਼ਨ ਹਨ। ਸ਼੍ਰੀ ਕ੍ਰਿਸ਼ਨ ਖੁਦ ਭਗਵਾਨ ਹਨ। ਸ਼੍ਰੀ ਭਗਵਦ ਗੀਤਾ ਵਿਚ 'ਕ੍ਰਿਸ਼ਣ' ਨਾਂ ਕੇਵਲ ਤਿੰਨ ਵਾਰ ਆਇਆ ਹੈ ਬਾਕੀ ਸ਼੍ਰੀ ਭਗਵਾਨ ਪਦ ਰਾਹੀਂ ਸਾਰੇ ਉਲੇਖ ਕੀਤੇ ਗਏ ਹਨ। ਸ਼੍ਰੀ ਕ੍ਰਿਸ਼ਨ ਭਗਤੀ ਤੇ ਸ਼ਕਤੀ ਦੇ ਪਰਮ ਅਵਤਾਰ ਹਨ। ਆਪ ਨੂੰ ਪਿਆਰ ਨਾਲ ਕੇਸ਼ਵ ਹਰੀਸ਼-ਕੇਸ਼ਾ, ਮਾਧਵ ਆਦਿ ਅਨੇਕਾਂ ਨਾਵਾਂ ਨਾਲ ਯਾਦ ਕੀਤਾ ਗਿਆ ਹੈ। ਦਰਅਸਲ ਸ਼੍ਰੀ ਕ੍ਰਿਸ਼ਨ ਜੀ ਨੂੰ, ਸੁਚਾਰੂ ਤੇ ਉਸਾਰੂ ਦ੍ਰਿਸ਼ਟੀ ਤੋਂ ਅਨਿਆਇ ਵਿਰੁੱਧ ਲੜਨ ਵਾਲੇ ਦੈਂਤਾਂ ਦਾ ਖ਼ਾਤਮਾ ਕਰਨ ਵਾਲੇ, ਨਿਆਇਸ਼ੀਲ ਪਰਤਾਪੀ ਸ਼ਕਤੀਸ਼ਾਲੀ ਯੋਧੇ ਬਲਵਾਨ ਸੂਰਮੇ, ਦਾਰਸ਼ਨਿਕ, ਵਿਦਵਾਨ - ਰਾਜਨੀਤੀ ਵੇਤਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਆਪ ਅਰਜਨ ਦੇ ਨੇੜੇ ਦੇ ਰਿਸ਼ਤੇਦਾਰ ਹੀ ਨਹੀਂ ਸਨ, ਆਪ ਉਸ ਦੇ ਗੁਰੂ ਆਚਾਰੀਆ, ਅਗਵਾਈ ਦੇਣ ਵਾਲੇ, ਸੰਜੀਵ ਕਰਤਾਰੀ ਸ਼ਕਤੀ ਦਾ ਨਿਰਮਾਣ ਕਰਨ ਵਾਲੇ, ਉਤਸ਼ਾਹੀ ਪ੍ਰੇਰਨਾ ਸਰੋਤ ਵਕਤਾ, ਅਤੇ ਸੇਧ ਦੇਣ ਵਾਲੇ ਨੇਤਾ ਦੇ ਤੌਰ 'ਤੇ ਵਿਦਮਾਨ ਹੋਏ ਹਨ। ਆਪ ਅਰਜਨ ਲਈ ਮਿੱਤਰ -ਦਾਰਸ਼ਨਿਕ ਅਤੇ ਅਗਵਾਈ ਦੇਣ ਵਾਲੇ ਅਜਿਹੀ ਸ਼ਕਤੀ ਬਣਦੇ ਰਹੇ ਕਿ ਅਰਜਨ ਹਰ ਖੇਤਰ ਵਿਚ ਸਿਰਜਨਾਤਮਕ ਉਸਾਰੂ ਕਾਰਜ ਕਰਨ ਲਈ ਆਪ ਤੋਂ ਪ੍ਰੇਰਨਾ ਲੈਣ ਵਿਚ ਮਾਨ ਅਨੁਭਵ ਕਰਦਾ ਰਿਹਾ ਹੈ। ਆਪ-ਕ੍ਰਿਸ਼ਨ ਭਗਵਾਨ ਹੀ ਹਨ, ਜਿਨ੍ਹਾਂ ਦੇ ਅਰਜਨ ਦੇ ਮਨ ਵਿਚ ਆਈ ਨਿਰਾਸ਼ਾ ਉਤਸ਼ਾਹਹੀਣਤਾ ਅਤੇ ਬੁਜ਼ਦਿਲੀ ਨੂੰ ਉਤਸ਼ਾਹ ਸਿਰਜਨਾ ਅਤੇ ਹੌਂਸਲੇ ਵਿਚ ਬਦਲਿਆ ਹੈ। ਸ਼੍ਰੀ ਕ੍ਰਿਸ਼ਨ ਭਗਵਾਨ ਤੇ ਅਰਜਨ ਦੀ ਦੋਸਤੀ ਅਟੁੱਟ ਹੈ। ਦੋਵਾਂ ਵਿਚਕਾਰ ਇਸ ਸਮੇਂ ਹੋਇਆ ਸੰਵਾਦ ਮਹਾਨ ਗੀਤਾ ਦਰਸ਼ਨ ਦੇ ਰੂਪ ਵਿਚ ਪੇਸ਼ ਹੈ। ਸ਼੍ਰੀ ਕ੍ਰਿਸ਼ਨ ਭਗਵਾਨ ਭਗਤੀ ਤੇ ਸ਼ਕਤੀ ਦਰਸ਼ਨ ਦੇ ਅਜਿਹੇ ਕਰਤਾ ਹਨ, ਜਿਨ੍ਹਾਂ ਰਾਹੀਂ ਖੁਸ਼ਹਾਲੀ ਸੁਭਾਗਤਾ, ਵਿਜੇ ਅਤੇ ਪਰਸੰਨਤਾ ਦੀਆਂ ਦਾਤਾਂ ਪ੍ਰਾਪਤ ਹੁੰਦੀਆਂ ਹਨ। ੦ ਵੇਦਾਂਤ ਅਥਵਾ ਸਵੈ-ਗਿਆਨ ਸ਼ਾਂਤੀ ਅਥਵਾ ਅਮਨ ਦੀ ਪੈਦਾਵਾਰ ਹੈ। ਰਿਸ਼ੀ ਮੁਨੀ ਜੰਗਲਾਂ ਵਿਚ ਤਪੱਸਿਆ ਕਰਕੇ ਹੀ ਆਪਣੇ ਦਰਸ਼ਨ ਦਾ ਪਾਸਾਰ ਇਸ ਲਈ ਕਰਦੇ ਸਨ, ਤਾਕਿ ਲੋਕ-ਜੀਵਨ ਦਾ ਕਲਿਆਣ ਹੋਵੇ। ਪਰ ਸ਼੍ਰੀ ਭਗਵਦ ਗੀਤਾ ਵਿਚ ਸ਼੍ਰੀ ਕ੍ਰਿਸ਼ਨ ਜੀ ਤੇ ਸ਼੍ਰੀ ਅਰਜਨ ਵਿਚਕਾਰ ਜੋ ਸੰਵਾਦ ਹੋਇਆ ਹੈ, ਉਹ ਯੁੱਧ ਖੇਤਰ ਵਿਚ ਉਸ ਸਮੇਂ ਹੋਇਆ ਹੈ, ਜਦ ਕੌਰਵ ਤੇ ਪਾਂਡਵ ਸੈਨਾਵਾਂ ਲੜਨ ਲਈ ਆਹਮਣੇ ਸਾਹਮਣੇ ਖੜ੍ਹੀਆਂ ਸਨ। ਇਸ ਦਰਸ਼ਨ ਦੀ ਸਿਰਜਨਾ ਜੰਗਲ ਦੇ ਇਕਾਂਤ ਵਿਚ ਹੋਣ ਦੀ ਥਾਂ ਯੁੱਧ ਦੇ ਤਣਾਓ ਗ੍ਰਸੇ ਵਾਤਾਵਰਣ ਵਿਚ ਹੁੰਦੀ ਹੈ। ਇਹ ਆਪਣੇ ਆਪ ਵਿਚ ਵਿਲੱਖਣਤਾ ਹੈ। ੦ ਰਣ ਖੇਤਰ ਦੀ ਤਣਾਓ ਗ੍ਰਸੀ ਪਰੱਸਥਿਤੀ ਵਿਚ, ਵੇਦਾਂਤ-ਦਰਸ਼ਨ ਨੂੰ ਅਭਿਵਿਅਕਤ ਕਰਨਾ ਅਜੀਬ ਜਿਹਾ ਲਗਦਾ ਹੈ, ਪਰ ਗੀਤਾ-ਦਰਸ਼ਨ ਦਾ ਮੂਲ ਸਿਧਾਂਤ ਇਹ ਹੈ ਕਿ ਵੇਦਾਂਤ ਅਸਲ ਵਿਚ ਕਿਰਿਆ ਦਾ ਗਿਆਨ ਵੀ ਹੈ ਅਤੇ ਨਾਲੋ ਨਾਲ ਕਿਰਿਆ ਦਾ ਵੀ ਗਿਆਨ ਹੈ। ਮਨ ਦੀ ਸੰਤੁਲਿਤ ਅਵੱਸਥਾ ਨੂੰ ਖ਼ੂਨ ਖਰਾਬੇ ਵਾਲੇ ਯੁੱਧ ਖੇਤਰ ਵਿਚ ਵੀ ਅਤੇ ਗੁਫ਼ਾ ਵਿਚਲੀ ਉਤਸੁਕਤਾ ਅਤੇ ਆਤੁਰਤਾ ਰਾਹੀਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਵੇਦਾਂਤ ਉਸ ਦੇ ਸਾਰੇ ਪੱਧਰਾਂ ਉੱਪਰ, ਉੱਚਤਮ ਤੇ ਸਿਰਮੌਰ ਵਿਗਿਆਨ ਹੈ। ਹਰ ਖੇਤਰ ਦੇ ਲੋਕ, ਵੇਦਾਂਤ ਨੂੰ ਅਮਲ ਵਿਚ ਲਿਆ ਕੇ ਲਾਭ ਕਮਾ ਸਕਦੇ ਹਨ। ਦੂਜੇ ਸ਼ਬਦਾਂ ਵਿਚ ਵੇਦਾਂਤ ਨੂੰ ਜੇਕਰ ਅਮਲ ਦਾ ਦਰਸ਼ਨ ਬਣਾ ਲਿਆ ਜਾਵੇ ਤਾਂ ਹਰ ਪ੍ਰਕਾਰ ਦੇ ਜੀਵਨ ਨੂੰ ਲਾਭ ਪੁੱਜ ਸਕਦਾ ਹੈ। ਇਸ ਨਾਲ ਵਿਅਕਤੀ (ਅੰਦਰਲੀ) ਅੰਤਹਕਰਣ ਲਈ ਸ਼ਕਤੀ ਤੇ ਪ੍ਰੇਰਨਾ ਪ੍ਰਾਪਤ ਕਰਦਾ ਹੈ। ਉਂਜ ਸਾਡਾ ਜੀਵਨ ਆਪ ਇਕ ਕਰੂਕਸ਼ੇਤਰ-ਯੁੱਧ ਵਾਂਗ ਹੈ, ਸਾਡੇ ਮਨ ਵਿਚ ਵੀ ਅਤੇ ਬਾਹਰ ਵੀ ਨੇਕੀ ਬਦੀ, ਨਿਆਇ ਅਨਿਆਇ, ਸੁੱਖ ਦੁੱਖ (ਅਨੁਕੂਲ ਪ੍ਰਤਿਕੂਲ) ਹਾਲਾਤ ਦੀਆਂ ਫੌਜਾਂ ਲੜਦੀਆਂ ਰਹਿੰਦੀਆਂ ਹਨ। ਦੁਨਿਆਵੀ ਸਥਿਤੀ ਦਰਅਸਲ ਵਾਸਤਵਿਕ ਯੁੱਧ ਖੇਤਰ ਅਥਵਾ ਸੰਗਰਾਮ ਵਾਂਗ ਹੀ ਹੈ। ਲੜਾਈ ਕਰਨ ਤੋਂ ਬਿਨਾ ਕੋਈ ਪ੍ਰਾਪਤੀ ਸਹਿਜ ਨਹੀਂ। ਜਿਸ ਨੇ ਜੀਵਨ ਸੰਗਰਾਮ ਕਰਨ ਦੀ ਕਲਾ ਪ੍ਰਾਪਤ ਨਹੀਂ ਕੀਤੀ, ਉਹ ਨਾ ਏਥੇ ਨਾ ਉਥੇ ਕੁੱਝ ਪ੍ਰਾਪਤ ਕਰ ਸਕਦਾ ਹੈ। ਬੱਚੇ ਵੀ ਰੋ, ਝਗੜ ਕੇ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਦੇ ਹਨ। ਦੁਨਿਆਵੀ ਖੇਤਰ ਦੀ ਧਨ ਦੌਲਤ ਜਾਇਦਾਦ, ਜਿੱਤ ਅਤੇ ਪਦਵੀ ਤਾਂ ਹੀ ਪ੍ਰਾਪਤ ਹੁੰਦੀ ਹੈ, ਜੇਕਰ ਕੋਈ ਲੰਮੇ ਸਮੇਂ ਤੱਕ ਸੰਘਰਸ਼ ਕਰਦਾ ਹੈ। ਵੱਡੀਆ ਵੱਡੀਆਂ ਸਲਤਨਤਾਂ ਲੰਮੇ ਸਮੇਂ ਤੱਕ ਲੜੇ ਯੁੱਧਾਂ ਦੀ ਜਿੱਤ ਦਾ ਨਤੀਜਾ ਹੁੰਦੀਆਂ ਹਨ। ਏਸੇ ਲਈ ਗੀਤਾ-ਦਰਸ਼ਨ ਦੀ ਅਭਿਵਿਅਕਤੀ ਯੁੱਧ ਖੇਤਰ ਵਿਚ ਕਰਨੀ

ਜ਼ਿੰਦਗੀ ਦਾ ਸੱਚ ਹੈ। ਸ਼੍ਰੀ ਭਗਵਦ ਗੀਤਾ ਸਾਨੂੰ ਜ਼ਿੰਦਗੀ ਦਾ ਸੰਗਰਾਮ ਲੜਨ ਲਈ ਪ੍ਰੇਰਨਾ ਦਿੰਦੀ ਹੈ। ਜ਼ਿੰਦਗੀ ਦੀ ਲੜਾਈ ਸਵੈ-ਪ੍ਰੇਰਨਾ ਉਤਸ਼ਾਹ ਹੌਂਸਲੇ ਨਾਲ ਸੱਚ ਅਤੇ ਹੱਕ ਨੂੰ ਦ੍ਰਿਸ਼ਟੀ ਗੋਚਰ ਰੱਖਦਿਆਂ ਲੜਨ ਵਾਲੇ ਯੋਧੇ ਹਮੇਸ਼ਾ ਜਿੱਤ ਪ੍ਰਾਪਤ ਕਰਦੇ ਹਨ।

੦ ਸ਼੍ਰੀ ਭਗਵਦ ਗੀਤਾ ਵਿਚਲਾ ਮੂਲ ਸੰਵਾਦ ਸ਼੍ਰੀ ਕ੍ਰਿਸ਼ਨ ਜੀ ਤੇ ਸ਼੍ਰੀ ਅਰਜਨ ਵਿਚਕਾਰ ਕਰੁਕਸ਼ੇਤਰ ਯੁੱਧ ਦੇ ਰਣਖੇਤਰ ਵਿਚ ਸੰਪੰਨ ਹੋਇਆ ਸੀ। ਏਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਸ ਸਮੇਂ ਉਸ ਰਥ ਉੱਪਰ ਜਿਥੇ ਸ਼੍ਰੀ ਕ੍ਰਿਸ਼ਨ ਜੀ ਤੇ ਸ਼੍ਰੀ ਅਰਜਨ ਸੰਵਾਦ ਰਚਾ ਰਹੇ ਸਨ, ਅਜਿਹਾ ਮਹਾਨ ਬੁੱਧੀਜੀਵੀ ਵਿਦਵਾਨ ਪੁਰਸ਼ ਕੌਣ ਸਥਿਤ ਸੀ, ਜਿਸ ਨੇ ਇਸ ਸੰਵਾਦ ਨੂੰ ਸੁਰੱਖਿਅਤ ਰੱਖਿਆ। ਕੀ ਇਸ ਨੂੰ ਪ੍ਰਤਿਲਿਪੀ-ਅੰਤਰ ਕੀਤਾ ਗਿਆ ? ਜਾਂ ਸੂਤ੍ਰ-ਬੱਧ ਸਾਂਭਿਆ ਗਿਆ ? ਜਾਂ ਜ਼ਬਾਨੀ ਚੇਤੇ ਰੱਖਿਆ ਗਿਆ ? ਸਥਾਈ ਤੌਰ 'ਤੇ ਸਾਂਭਣ ਲਈ ਉਸ ਸਮੇਂ ਕਿਹੜੀ ਵਿਧੀ ਪ੍ਰਚਲਿਤ ਸੀ, ਇਸ ਬਾਰੇ ਸਪੱਸ਼ਟ ਨਿਰਣਾ ਕਰਨਾ ਮੁਸ਼ਕਲ ਹੈ। ੦ ਜਦ ਕਦੇ ਵੀ ਕੋਈ ਮਹਾਨ ਸ਼ਿਰੋਮਣੀ ਜੀਵਨ ਉਦੇਸ਼ ਸਾਹਮਣੇ ਰੱਖ ਕੇ ਕਿਸੇ ਦੇਵੀ ਸਖਸ਼ੀਅਤ ਨੇ ਅਵਤਾਰ ਧਾਰਿਆ ਹੈ ਤਾਂ ਠੀਕ ਉਸੇ ਸਮੇਂ ਇਕ ਪਵਿੱਤਰ ਉਦੇਸ਼ ਨੂੰ ਲੈ ਕੇ ਇਕ ਬੁੱਧੀਜੀਵੀ ਸਿੱਧ ਪੁਰਸ਼ ਬ੍ਰਹਮ ਗਿਆਨੀ ਰਿਸ਼ੀ ਵੀ ਪੈਦਾ ਹੁੰਦਾ ਰਿਹਾ ਹੈ। ਜਿਸ ਨੇ ਦੈਵੀ ਸਖਸ਼ੀਅਤ ਵੱਲੋਂ ਉਚਾਰੇ ਪਰਵਚਨਾਂ, ਕੀਤੇ ਕਾਰਨਾਮਿਆਂ ਤੇ ਮਿੱਥੇ ਉਦੇਸ਼ਾਂ ਦੀ ਪ੍ਰਾਪਤੀ ਨੂੰ, ਕਿਸੇ ਨਾ ਕਿਸੇ ਰੂਪ ਵਿਚ ਸੁਰੱਖਿਅਤ ਕਰਨ ਦੇ ਸਾਧਨ ਪੈਦਾ ਕੀਤੇ ਹਨ। ਅਜਿਹੇ ਬ੍ਰਹਮ-ਗਿਆਨੀ ਵਿਚਾਰਵਾਨ ਰਿਸ਼ੀ ਮਹਾਂਭਾਰਤ ਦੇ ਯੁੱਧ ਸਮੇਂ ਵੀ ਕਾਰਜਸ਼ੀਲ ਸਨ, ਜਿਨ੍ਹਾਂ ਦਾ ਨਾਂ ਰਿਸ਼ੀ ਵਿਆਸ ਹੈ, ਰਿਸ਼ੀ ਵਿਆਸ ਜੀ ਅੰਦਰ ਐਨੀ ਯੋਗ ਪ੍ਰਤਿਭਾ ਯੋਗ ਦ੍ਰਿਸ਼ਟਾ ਦੇ ਰੂਪ ਵਿਚ ਸੀ, ਕਿ ਉਹ ਉਸ ਸਮੇਂ ਸ਼੍ਰੀ ਕ੍ਰਿਸ਼ਨ ਜੀ ਤੇ ਸ਼੍ਰੀ ਅਰਜਨ ਦੇ ਸੰਵਾਦ ਨੂੰ ਸੁਣ ਕੇ ਸਾਂਭਣ ਦੇ ਸਮਰੱਥ ਸਨ ਤੇ ਉਨ੍ਹਾਂ ਨੇ ਇਹ ਕਾਰਜ ਬੜੀ ਕੁਸ਼ਲਤਾ ਨਾਲ ਸੰਪੰਨ ਕੀਤਾ। ਰਿਸ਼ੀ ਵਿਆਸ ਜੀ ਦੀ ਕਲਾ, ਪ੍ਰਤਿਭਾ, ਵਿਗਿਆਨਕ ਦ੍ਰਿਸ਼ਟੀ ਅਤੇ ਵਿਦਵਤਾ ਕਾਰਨ ਸ਼੍ਰੀ ਕ੍ਰਿਸ਼ਨ ਜੀ ਤੇ ਸ਼੍ਰੀ ਅਰਜਨ ਜੀ ਦੇ ਸੰਵਾਦ ਨੂੰ ਸੰਭਾਲਿਆ ਗਿਆ। ਕਿਵੇਂ ? ਇਸ ਪ੍ਰਸ਼ਨ ਦਾ ਉੱਤਰ ਇਨ੍ਹਾਂ ਦਲੀਲਾਂ ਰਾਹੀਂ ਸੰਭਵ ਹੈ। ੦ ਉਸ ਸਮੇਂ ਲਿਪੀਅੰਤਰ ਕਰਨ ਦੀ ਵਿਧੀ ਪ੍ਰਚਲਿਤ ਹੋਵੇ ? ੦ ਉਸ ਸਮੇਂ ਵਿਗਿਆਨਕ ਤਕਨਾਲੋਜੀ ਦੀ ਸਹਾਇਤਾ ਨਾਲ ਰੀਕਾਰਡ ਕਰਨ ਦਾ ਯੰਤਰ ਵੀ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੋਵੇ ? ਜਾਂ ਮੌਖਿਕ ਰੂਪ ਵਿਚ ਸੂਤ੍ਰ ਪ੍ਰਣਾਲੀ ਰਾਹੀਂ ਅਜਿਹੇ ਤੀਖ਼ਣ ਬੁੱਧੀ ਵਾਲੇ ਵਿਅਕਤੀ ਹੋਣ, ਜਿਨ੍ਹਾਂ ਨੇ ਇਹ ਸੰਵਾਦ ਸੁਣ ਕੇ ਯਾਦ ਕਰ ਲਿਆ ਹੋਵੇ ? ਸ਼੍ਰੀ ਵਿਆਸ ਜੀ - ਸ਼੍ਰੀ ਕ੍ਰਿਸ਼ਨ ਦੇ ਨਾਲ ਹੀ ਰਹਿੰਦੇ ਹੋਣ, ਤੇ ਜਿਨ੍ਹਾਂ ਨੇ ਇਸ ਅਦਭੁਤ ਵਿਲੱਖਣ ਸੰਵਾਦ ਦੀ ਸੁਰੱਖਿਆ ਲਈ ਉਸ ਸਮੇਂ ਪ੍ਰਚਲਿਤ ਸਾਧਨ ਅਪਣਾਏ ਹੋਣ। ਸ਼੍ਰੀ ਵਿਆਸ ਜੀ ਅਜਿਹੇ ਉੱਤਮ ਤੇ ਉੱਚਤਮ ਦ੍ਰਿਸ਼ਟੀ ਦੇ ਮਾਲਕ ਹੋਏ ਹਨ, ਜਿਨ੍ਹਾਂ ਵਿਚ ਸ਼੍ਰੀ ਕ੍ਰਿਸ਼ਨ ਜੀ ਦੇ ਮਨ ਨੂੰ ਪ੍ਰਤਿਬਿੰਬਤ ਕਰਕੇ ਸਮੱਰਣ ਕਰਨ ਦੀ ਅਧਿਆਤਮਕ ਸ਼ਕਤੀ ਵੀ ਸੀ। ਆਪ ਅਜਿਹੇ ਯੋਗ ਦੇ ਸਿੱਧ ਪੁਰਸ਼ ਮੰਨੇ ਜਾਂਦੇ ਸਨ, ਜਿਨ੍ਹਾਂ ਨੇ ਸੰਜਯੇ ਨੂੰ ਅੰਤਰ ਦ੍ਰਿਸ਼ਟੀਗਤ ਅਜਿਹੀ ਅਨੁਭਵੀ-ਸ਼ਕਤੀ ਪ੍ਰਦਾਨ ਕਰਵਾਈ ਸੀ, ਕਿ ਉਹ ਧ੍ਰਿਤਰਾਸ਼ਟਰ ਕੋਲ ਬੈਠਾ ਮਹਾਂਭਾਰਤ ਦੇ ਯੁੱਧ ਦਾ ਦ੍ਰਿਸ਼ ਵਰਨਣ ਤੇ ਸੰਵਾਦ ਦਾ ਹਾਲ ਉਸ ਨੂੰ ਸੁਣਾ ਸਕਣ ਦੇ ਸਮਰੱਥ ਹੋਇਆ ਸੀ। ਇਸ ਵਿਧੀ ਨਾਲ ਸ਼੍ਰੀ ਵਿਆਸ ਜੀ ਦੀ ਦਿੱਬ-ਦ੍ਰਿਸ਼ਟੀ, ਤੇ ਕਲਾ-ਕੌਸ਼ਲਤਾ ਨਾਲ ਹੀ ਇਸ ਇਤਿਹਾਸਕ ਸੰਵਾਦ ਨੂੰ ਸੁਰੱਖਿਅਤ ਕੀਤਾ ਗਿਆ ਹੈ। ੦ ਉਸ ਸਮੇਂ ਸ਼੍ਰੀ ਕ੍ਰਿਸ਼ਨ ਜੀ, ਉਚਾਰਣ ਕਰਨ ਵਾਲੇ ਸਨ, ਸ਼੍ਰੀ ਅਰਜਨ ਸ਼੍ਰੋਤਾ ਦੇ ਰੂਪ ਵਿਚ, ਇਨ੍ਹਾਂ ਪ੍ਰਵਚਨਾਂ ਨੂੰ ਸ਼ਰਧਾ ਪੂਰਵਕ ਸ਼੍ਰਵਨ ਕਰ ਰਹੇ ਸਨ। ਮਹਾਨ ਰਿਸ਼ੀ ਤੇ ਪ੍ਰਧਾਨ ਸਾਰਥੀ ਸੰਜਯ ਵੱਖ-ਵੱਖ ਦੂਰ ਥਾਵਾਂ ਉੱਪਰ ਬੈਠੇ, ਉਸ ਸੰਵਾਦ ਨੂੰ ਪੁਨਰ ਦੇਖ ਸੁਣ ਕੇ ਰਿਕਾਰਡ ਕਰ ਰਹੇ ਸਨ। ੦ ਅੱਜ ਦੇ ਵਿਗਿਆਨਕ ਤਕਨਾਲੋਜੀ ਦੇ ਯੁਗ ਵਿਚ ਦੂਰ ਤੋਂ ਦੇਖਣ ਸੁਣਨ ਤੇ ਦ੍ਰਿਸ਼ ਰਿਕਾਰਡ ਕਰਨ ਦੇ ਸਾਰੇ ਯੰਤਰ ਪ੍ਰਾਪਤ ਹਨ। ਮਹਾਂਭਾਰਤ ਦੇ ਯੁੱਧ ਸਮੇਂ ਵਿਗਿਆਨਕ ਯੰਤਰਾਂ ਰਾਹੀਂ ਦੂਰ ਤੋਂ ਦ੍ਰਿਸ਼ ਵਰਨਣ ਰਿਕਾਰਡ ਕਰਨ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

੦ ਜੀਵਨ ਦੀਆਂ ਸਾਰੀਆਂ ਘਾਲਨਾਵਾਂ ਨੂੰ ਅਸੀਂ ਪ੍ਰੇਯਸ੍ ਅਤੇ ਸ਼੍ਰੇਯਸ ਦੋ ਰੂਪਾਂ ਅਧੀਨ ਰੱਖ ਸਕਦੇ ਹਾਂ। ਮਾਨਵੀ ਤਜੱਰਬਿਆਂ ਅਤੇ ਉਪਲਬਧੀਆਂ ਵਿਚ ਕੋਈ ਇਕ ਅਜਿਹਾ ਨਹੀਂ ਜੋ ਪ੍ਰੇਯਸ੍ ਤੇ ਸ਼੍ਰੇਯਸ੍ ਦੇ ਘੇਰੇ ਤੋਂ ਬਾਹਰ ਹੋਵੇ। ਉਹ ਖੁਸ਼ੀਆ ਜੋ ਅਨੁਭਵਸ਼ੀਲਤਾ ਨਾਲ ਸੰਬੰਧਿਤ ਹਨ ਅਤੇ ਪਰਿਵਰਤਨਸ਼ੀਲ ਹਨ ਉਨ੍ਹਾਂ ਨੂੰ ਪ੍ਰੇਯਸ੍ ਲੜੀ ਵਿਚ ਰੱਖਿਆ ਜਾਂਦਾ ਹੈ। ਸਮੂਹਿਕ ਰੂਪ ਵਿਚ ਬਹੁਤੇ ਸਮਾਜਿਕ ਵਿਅਕਤੀ ਪ੍ਰੇਯਸ੍ ਨੂੰ ਤਲਾਸ਼ ਕਰਨ ਵਾਲੇ ਹੁੰਦੇ ਹਨ। ਉਨ੍ਹਾਂ ਲਈ ਇੰਦ੍ਰਿਆਵੀ ਖੁਸ਼ੀਆਂ, ਸੂਝ ਬੁੱਧੀ ਤੋਂ ਪਰੇ ਕੋਈ ਵੀ ਭਰੋਸੇਯੋਗ ਨਹੀਂ ਹੁੰਦੀ। ਉਨ੍ਹਾਂ ਵਿਚ ਸ਼੍ਰੇਯਸ੍ ਨੂੰ ਪ੍ਰਾਪਤ ਕਰਨ ਵਾਲਾ ਕੋਈ ਨਹੀਂ ਹੁੰਦਾ। ਹਾਂ ਕੁੱਝ ਅਜਿਹੇ ਵਿਲੱਖਣ ਵਿਰਲੇ ਹੁੰਦੇ ਹਨ, ਜਿਹੜੇ ਇਸ ਗੰਭੀਰ ਅਥਾਹ ਤੇ ਗੂਹੜ ਵਸਤੂ ਨੂੰ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹਨ। ਧਰਮ ਗਰੰਥ ਇਸ ਗੂਹੜ ਫਲੱਸਫੇ ਨੂੰ ਅਨੁਭਵ ਕਰਵਾਉਣ ਵਿਚ ਸਹਾਇਤਾ ਕਰਦੇ ਹਨ, ਜਿਸ ਨੂੰ ਸ਼੍ਰੇਯਸ੍ ਕਹਿੰਦੇ ਹਨ। ਨੇਕੀ ਸੱਚ ਦਯਾ ਧਰਮ, ਸੁੱਚਤਾ, ਸ਼ਾਲੀਨਤਾ ਆਦਿ ਜਿੰਨੇ ਵੀ ਮਾਨਵੀ ਗੁੰਣ ਹਨ, ਉਹ ਸ਼੍ਰੇਯਸ੍ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ। ਸ਼੍ਰੀ ਭਗਵਾਨ - ਅਰਜਨ ਦੇ ਮਨ ਨੂੰ ਪ੍ਰੇਯਸ੍ ਤੋਂ ਸ਼੍ਰੇਯਸ੍ ਵੱਲ ਮੋੜਨ ਵੱਲ ਸਫਲ ਹੁੰਦੇ ਹਨ। ਬੁਜ਼ਦਿਲ ਨੂੰ ਸ਼ੇਰ ਬਣਾਉਣਾ, ਜ਼ਾਲਮ ਨੂੰ ਦਿਆਵਾਨ ਬਣਾਉਣਾ, ਅਸਭਿਆ ਨੂੰ ਸਭਿਆ ਕਰਨਾ ਆਦਿ ਕਾਰਜ ਪ੍ਰੇਯਸ੍ ਤੋਂ ਸ਼੍ਰੇਯਸ੍ ਵੱਲ ਜਾਣਾ ਹੈ। ਜਿੰਨੇ ਵੀ ਯੋਗ ਸਾਧਨ ਹਨ ਉਹ ਸ਼੍ਰੇਯਸ੍ ਹਨ। ਸ਼੍ਰੇਯਸ ਪ੍ਰਾਪਤੀ ਲਈ ਲੰਮੇ ਸੰਘਰਸ਼, ਆਤਮ ਵਿਸ਼ਵਾਸ, ਸਹਿਣਸ਼ੀਲਤਾ ਅਤੇ ਅਭਿਆਸ ਦੀ ਲੋੜ ਹੈ। ਸ਼੍ਰੇਯਸ੍ - ਜਾਗ੍ਰਿਤੀ ਚੇਤਨਾ ਅਤੇ ਸਿਰਜਨਾ ਦਾ ਨਾਂ ਹੈ।

੦ ਗੀਤਾ ਦਰਸ਼ਨ ਉੱਪਰ ਨੌਜਵਾਨਾਂ ਨੂੰ ਭੜਕਾਉਣ ਤੇ ਉਨ੍ਹਾਂ ਵਿਚ ਕ੍ਰਾਂਤੀਸ਼ੀਲ ਭਾਵਨਾ ਪੈਦਾ ਕਰਨ ਦਾ ਦੋਸ਼ ਆਰੋਪਿਤ ਕੀਤਾ ਜਾਂਦਾ ਹੈ। ਹੱਕ ਇਨਸਾਫ਼ ਲਈ ਅਤੇ ਜ਼ੁਲਮ ਦੇ ਵਿਰੁੱਧ ਲੜਨਾ ਸਾਡਾ ਕਰਤੱਵ ਕਰਮ ਹੈ। ਇਹ ਕਿਸੇ ਪਵਿੱਤਰ ਧਰਮ ਗਰੰਥ ਦਾ ਦੋਸ਼ ਨਹੀਂ, ਜੇਕਰ ਉਸ ਦੇ ਉਦੇਸ਼ ਰੂਪੀ ਪੈਗ਼ਾਮ ਦੇ ਅਰਥ ਗ਼ਲਤ ਲਾਏ ਜਾਂਦੇ ਹਨ। ਅੰਮ੍ਰਿਤ ਅਥਵਾ ਅਮਰ-ਫਲ ਦੀ ਦੁਰਵਰਤੋਂ ਕੀਤਿਆਂ ਨੁਕਸਾਨ ਵੀ ਹੋ ਸਕਦਾ ਹੈ। ਜੇ ਗੀਤਾ ਉਦੇਸ਼ਾਂ ਨੂੰ, ਜਾਂ ਗੀਤਾ ਦੇ ਸ਼ਲੋਕਾਰਥਾਂ ਦੇ ਅਰਥ ਹੀ ਤੋੜ ਮਰੋੜ ਕੇ ਗ਼ਲਤ ਪੇਸ਼ ਕੀਤੇ ਜਾਂਦੇ ਹਨ ਤਾਂ ਇਸ ਵਿਚ ਇਸ ਮਹਾਨ ਗਰੰਥ ਦਾ ਕਸੂਰ ਨਹੀਂ। ਸਹੀ ਅਰਥਾਂ ਨੂੰ ਸੰਚਾਰਨਾ ਤੇ ਸਮਝਣਾ ਪਾਠਕਾਂ ਤੇ ਸਰੋਤਿਆਂ ਦਾ ਪਹਿਲਾ ਫਰਜ਼ ਹੈ। ਇਸ ਲਈ ਸਹੀ ਗੁਰੂ/ਆਚਾਰੀਆ/ਵਕਤਾ/ਪ੍ਰਚਾਰਕ/ਟੀਕਾਕਾਰ ਅਨੁਵਾਦਕਾਂ ਦਾ ਯੋਗਦਾਨ ਪ੍ਰਾਪਤ ਕੀਤਾ ਜਾਣਾ ਜ਼ਰੂਰੀ ਹੈ।

੦ ਭਾਵੇਂ ਮਹਾਭਾਰਤ ਦੇ ਅੰਤਰਗਤ ਹੋਣ ਦੇ ਕਾਰਨ ਗੀਤਾ ਸੁਮ੍ਰਿਤੀ ਗਰੰਥ ਹੈ ਪਰ ਆਪਣੀ ਵਿਸ਼ੇਸ਼ਤਾ ਦੇ ਕਾਰਣ ਇਸ ਦੀ ਗਿਣਤੀ ਉਪਨਿਸ਼ਦਾਂ ਦੀ ਸ਼੍ਰੇਣੀ ਵਿਚ ਹੁੰਦੀ ਹੈ। ਗੀਤਾ ਦੇ ਹਰੇਕ ਅਧਿਆਇ ਦੇ ਅੰਤ ਵਿਚ ਜੋ ਉਲੇਖ ਮਿਲਦਾ ਹੈ ਉਸ ਵਿਚ 'ਇਤਿ ਸ੍ਰੀਮਦ੍ ਭਗਵਦ੍ ਗੀਤਾਸੁ ਉਨਿਸ਼ਤ੍ਸੁ ਬ੍ਰਹਮ ਵਿਦ੍ਯਾਯਾਂ ਯੋਗ ਸ਼ਾਸਤ੍ਰੇ' - ਦਰਜ ਹੈ। ਇਸ ਤੋਂ ਗੀਤਾ ਦੇ ਅਸਲ ਨਾਂ ਦਾ ਪਤਾ ਲੱਗਦਾ ਹੈ, ਜੋ ਇਹ ਹੈ। ਸ਼੍ਰੀਮਦ੍ ਭਗਵਦ੍ ਗੀਤਾ ਉਪਨਿਸ਼ਦ ਅਰਥਾਤ ਸ਼੍ਰੀ ਭਗਵਾਨ ਦੇ ਦੁਆਰਾ ਗਾਈ ਗਈ ਉਪਨਿਸ਼ਦ। ਇਸ ਵਿਚ ਪਰਬ੍ਰਹਮ ਵਿਸ਼ੇ ਦਾ ਗਿਆਨ ਹੋਣ ਦੇ ਕਾਰਣ ਇਸ ਨੂੰ ਬ੍ਰਹਮ-ਵਿਦਿਆ ਵੀ ਕਹਿੰਦੇ ਹਨ। ਨਾਲ ਹੀ ਉਸ ਗਿਆਨ ਦੀ ਪ੍ਰਾਪਤੀ ਦੇ ਉਪਾਅ ਭੀ ਇਸ ਵਿਚ ਵਰਣਿਤ ਹੋਣ ਦੇ ਕਾਰਣ, ਇਹ ਯੋਗ-ਸ਼ਾਸਤ੍ਰ ਵੀ ਹੈ। ਦੂਜੇ ਸ਼ਬਦਾਂ ਵਿਚ ਗੀਤਾ ਦਾ ਅਧਿਐਨ ਸਾਰੇ ਸ਼ਾਸਤ੍ਰਾਂ ਦਾ ਅਧਿਐਨ ਹੋ ਗਿਆ ਸਮਝਣਾ ਚਾਹੀਦਾ ਹੈ। ੦ ਗੀਤਾ ਵਿਚ ਡੂੰਘੇ ਵਿਚਾਰਾਂ ਨੂੰ ਭਿੰਨ ਭਿੰਨ ਦ੍ਰਿਸ਼ਟੀਕੋਣ ਤੋਂ ਪਰਖਿਆ ਤੇ ਮੁਲਾਂਕਣ ਕੀਤਾ ਗਿਆ ਹੈ। ਜਿਵੇਂ ਯੋਗ ਨੂੰ ਹੀ ਲੈ ਲਵੋ। ਪਹਿਲੇ ਛੇ ਅਧਿਆਵਾਂ ਤੱਕ ਇਹ ਹਰ ਪੱਖ ਤੋਂ ਕਰਮ ਯੋਗ ਦੇ ਅਰਥਾਂ ਦੀ ਅਭਿਵਿਅਕਤੀ ਹੈ। ਅਗਲੇ ਛੇ ਅਧਿਆਵਾਂ ਵਿਚ ਭਗਤੀ ਯੋਗ ਦੀਆਂ ਅਨੇਕਾਂ ਉਲਝਣਾਂ ਨੂੰ ਸੁਲਝਾਇਆ ਗਿਆ ਹੈ। ਅਖੀਰਲੇ ਅਗਲੇ ਛੇ ਅਧਿਆਇ ਯੋਗ ਨੂੰ ਗਿਆਨ ਨਾਲ ਜੋੜ ਕੇ

ਇਸ ਨੂੰ ਨਵੇਂ ਰੂਪ ਵਿਚ ਅਰਥਾਇਆ ਗਿਆ ਹੈ। ਯੋਗ ਨੂੰ ਕ੍ਰਿਆ, ਸ਼ਰਧਾ ਤੇ ਗਿਆਨ ਨਾਲ ਸੰਬੰਧਿਤ ਕਰਕੇ ਉਸ ਦੀ ਪਰਿਭਾਸ਼ਾ ਕੀਤੀ ਗਈ ਹੈ। ਏਸੇ ਤਰ੍ਹਾਂ ਅਹੰਮ੍ ਦੇ ਸਿਧਾਂਤ ਨੂੰ ਵੀ ਭਿੰਨ ਭਿੰਨ ਦ੍ਰਿਸ਼ਟੀਕੋਣਾਂ ਤੋਂ ਵਿਵੇਚਨ ਦਾ ਯਤਨ ਕੀਤਾ ਗਿਆ ਹੈ। ਇਹ ਬਹੁਰੰਗਾਂ ਨਾਲ ਰੰਗਿਆ – ਅਨੇਕਾਂ ਪਾਠਾਂ ਤੇ ਅਧਿਐਨ ਪ੍ਰਣਾਲੀਆਂ ਪਿੱਛੋਂ ਹੀ ਸਮਝਿਆ ਜਾ ਸਕਦਾ ਹੈ, ਜਿਸ ਨਾਲ ਡੂੰਘਾਈ ਨਾਲ ਕੀਤੇ ਅਧਿਐਨ ਦੇ ਕੁੱਝ ਸਿੱਟੇ ਸਾਹਮਣੇ ਆ ਸਕਦੇ ਹਨ। ਜਿੰਨੇ ਵੀ ਮੁੱਖ ਮੁੱਖ ਨੁਕਤੇ ਹਨ, ਉਨ੍ਹਾਂ ਸੰਬੰਧੀ ਸਵਿਸਥਾਰ ਪੂਰਵਕ ਉਲੇਖ ਕੀਤਾ ਮਿਲਦਾ ਹੈ। ਭਿੰਨ ਭਿੰਨ ਦ੍ਰਿਸ਼ਟੀਕੋਣ ਨੂੰ ਸਾਹਮਣੇ ਰੱਖਣ ਕਰਕੇ ਕਈ ਵਾਰ ਅਰਥ ਸੰਚਾਰ ਵਿਰੋਧਾਭਾਸ ਲੱਗਦਾ ਹੈ।

੦ ਸ਼ਰੁਤਿ (ਵੇਦ) ਤੇ ਸਮ੍ਰਿਤੀ ੦ ਉਪਨਿਸ਼ਦ ਸ਼ਤੀ ਲੜੀ ਵਿਚ ਆਉਂਦੇ ਹਨ। ਸੈਂਕੜੇ ਸਾਲਾਂ ਤੱਕ ਇਨ੍ਹਾਂ ਨੂੰ ਮੌਖਿਕ ਰੂਪ ਵਿਚ ਗੁਰੂ ਚੇਲਿਆਂ ਵਿਦਵਾਨਾਂ ਨੇ ਨਿਰੰਤਰ ਪਵਿੱਤਰ ਵਾਣੀ ਵਜੋਂ ਸਾਂਭ ਸੰਭਾਲ ਕੇ ਰੱਖਿਆ ਹੈ। ਫਿਰ ਵੀ ਇਨ੍ਹਾਂ ਵਿਚ ਨਾ ਵਿਕਾਸ ਆਇਆ ਹੈ, ਨਾ ਕਾਂਟ ਛਾਂਟ ਕੀਤੀ ਗਈ ਹੈ। ਇਨ੍ਹਾਂ ਦੀ ਉਤਸ਼ਾਹਿਤ-ਉਲੇਖ ਦੀ ਵਾਕ-ਸ਼ਕਤੀ ਉਚਾਰਨ ਤੇ ਵਿਚਾਰ-ਸ਼ਕਤੀ ਕਲਾਤਮਿਕ ਵਿਧੀ ਨਾਲ ਸਾਂਭੀ ਹੋਈ ਹੈ। ਇਹ ਪ੍ਰਧਾਨ ਤੱਤ ਅਥਵਾ ਆਧਾਰੀ ਨਿਯਮ – ਅਧਿਆਤਮਕ ਵਿਅਕਤੀਆਂ ਰਾਹੀਂ ਨਿਰੰਤਰ ਸਥਾਪਿਤ ਰਹੇ, ਜਿਵੇਂ ਗਣਿਤ ਦੇ ਵਿਦਿਆਰਥੀ ਪਹਾੜੇ ਯਾਦ ਰੱਖਦੇ ਹਨ, ਬਿਲਕੁਲ ਏਸੇ ਤਰ੍ਹਾਂ ਹੀ – ਨਾ ਇਨ੍ਹਾਂ ਵਿਚ ਤਬਦੀਲੀ ਹੋਈ, ਨਾ ਸੁਧਾਰ ਜਾਂ ਵਿਕਾਰ ਆਇਆ। ਇਹ ਅਧਿਆਤਮਕ ਸਿਧਾਂਤ ਸਦੀਵੀ ਰੂਪ ਵਿਚ ਵਾਸਤਵਿਕ ਸੱਚ ਬਣੇ ਰਹੇ ਅਤੇ ਹੁਣ ਵੀ ਸਮਝੇ ਜਾਂਦੇ ਹਨ। ਇੰਜ ਸ੍ਰਤੀ ਦੇ ਅਰਥ ਹੋਏ – ਜੋ ਸੁਣਿਆ ਗਿਆ ਤੇ ਸਮ੍ਰਿਤੀ ਦੇ ਅਰਥ ਹਨ, ਜੋ ਵੀ ਯਾਦ ਕੀਤਾ ਗਿਆ। ਸਮਾਜਿਕ ਨਿਯਮ ਰੀਤੀ ਰਸਮ ਰਿਵਾਜ, ਤੌਰ ਤਰੀਕੇ ਤੇ ਆਚਰਨਕ ਮੁੱਲ ਆਦਿ ਸਮ੍ਰਿਤੀ ਦੇ ਦਾਇਰੇ ਵਿਚ ਰੱਖੇ ਜਾਂਦੇ ਹਨ, ਜਦ ਕਿ ਸਮੇਂ ਦੇ ਲੰਘਣ ਨਾਲ ਇਨ੍ਹਾਂ ਵਿਚ ਪਰਿਵਰਤਨ ਹੋਏ ਤੇ ਲੋੜ ਅਨੁਸਾਰ ਸਮਾਜਿਕ ਹਿੱਤ ਲਈ ਇਨ੍ਹਾਂ ਵਿਚ ਤਬਦੀਲੀਆਂ ਕਰ ਲਈਆਂ ਗਈਆਂ ਜਾਂ ਵਿਧਾਨ ਘੜੇ ਗਏ – ਇਹ ਸਮ੍ਰਿਤੀ ਲੜੀ ਵਿਚ ਆਉਂਦੇ ਹਨ। ਪਰ ਭਗਵਦ ਗੀਤਾ ਵਿਚ ਸ੍ਰਤੀ ਤੇ ਸਮ੍ਰਿਤੀ ਦਾ ਮਿਸ਼ਣ ਹੈ। ਇਸ ਵਿਚ ਅਨੇਕਾਂ ਅਧਿਆਤਮਕ ਕਾਨੂੰਨ ਅਥਵਾ ਨਿਯਮ ਹਨ। ਇਸ ਲਈ ਇਸ ਨੂੰ ਸ੍ਰਤੀ ਵੀ ਕਹਿ ਸਕਦੇ ਹਾਂ – ਜਦੋਂ ਇਨ੍ਹਾਂ ਨਿਯਮਾਂ ਕਾਨੂੰਨਾਂ ਨੂੰ ਜੀਵਨ ਲਈ ਅਮਲੀ ਰੂਪ ਵਿਚ ਕਿਰਿਆਤਮਕ ਕੀਤਾ ਜਾਵੇ ਤਾਂ ਇਹ ਸਨਾਤਮ ਧਰਮ ਅਖਵਾਉਂਦੇ ਹਨ। ਸਦਾ ਸਦੀਵੀ ਤੇ ਨਿਆਇਕਾਰੀ ਸਤ੍ਯਾਵਾਦੀ ਨਿਯਮ ਜਾਂ ਆਦੇਸ਼ ਗੀਤਾ ਵਿਚ ਮਿਲਦੇ ਹਨ। ਜਿਹੜੀਆਂ ਸਮ੍ਰਿਤੀਆਂ ਅਸਲੀ ਹਨ, ਉਨ੍ਹਾਂ ਦਾ ਆਧਾਰ ਸ਼ਤੀਆ ਹਨ। ਜਿਵੇਂ ਮਨੂੰ-ਸਮ੍ਰਿਤੀ ਆਦਿ। ਗੀਤਾ ਨੂੰ ਅਸੀਂ ਸਨਾਤਨ ਧਰਮ ਦੀ ਨਿਯਮਾਵਲੀ ਕਹਿ ਸਕਦੇ ਹਾਂ।

੦ ਸੈਂਕੜੇ ਵਿਦਵਾਨਾਂ ਮਹਾਤਮਾ ਅਤੇ ਆਚਾਰੀਆਂ ਨੇ ਗੀਤਾ ਦੇ ਵਿਸ਼ਵ ਦੀਆਂ ਭਿੰਨ-ਭਿੰਨ ਭਾਸ਼ਾਵਾਂ ਵਿਚ ਜੋ ਅਨੁਵਾਦ ਕੀਤੇ ਹਨ ਅਤੇ ਗੀਤਾ-ਦਰਸ਼ਨ ਦੀ ਵਿਆਖਿਆ ਕਰਨ ਦੀਆਂ ਅਨੇਕਾਂ ਸ਼ੈਲੀਆਂ ਅਪਣਾਈਆਂ ਹਨ। ਭਿੰਨ-ਭਿੰਨ ਵਿਚਾਰਧਾਰਾਈ ਆਧਾਰਾਂ ਨੂੰ ਲੈਕੇ ਇਸ ਦਰਸ਼ਨ ਦੀ ਵਿਆਖਿਆ ਕੀਤੀ ਹੈ, ਉਸ ਦਾ ਕਾਰਣ ਕੇਵਲ ਇਨ੍ਹਾਂ ਆਦਰਸ਼ਕ ਮੁੱਲਵਾਦ ਦੇ ਨਿਤ੍ਨਿਰੰਤਰ ਵਿਚਾਰਾਂ ਦਾ ਪ੍ਰਚਾਰ ਕਰਨਾ ਹੀ ਰਿਹਾ ਹੈ ਤਾਂ ਕਿ ਸਮੁੱਚੀ ਮਾਨਵ ਜਾਤੀ ਦੀ ਮਾਨਸਿਕ ਸਰੀਰਕ ਸਮਾਜਿਕ ਨੈਤਿਕ ਅਤੇ ਅਧਿਆਤਮਕ ਉੱਨਤੀ ਹੋ ਸਕੇ। ਇਹ ਗੀਤਾ ਦੇ ਵੇਦਾਂਤਕ-ਸਿਧਾਂਤ ਕਿਸੇ ਜਾਤ ਧਰਮ ਸਮੁਦਾਇ, ਰੰਗ ਭੇਦ, ਅਤੇ ਦੇਸ਼ ਕਾਲ ਦੀਆਂ ਸੀਮਾਵਾਂ ਵਿਚ ਨਹੀਂ ਆਉਂਦੇ, ਬਲਕਿ ਹਰ ਵਿਅਕਤੀ ਲਈ ਕਾਲ, ਹਰ ਉਮਰ ਹਰ ਹਾਲਾਤ ਵਿਚ ਦੁੱਖ ਵਿਚ ਵੀ ਸੁੱਖ ਵਿਚ ਵੀ – ਇਕ ਮਾਰਗ ਦਰਸ਼ਨ ਬਣਦੇ ਰਹਿਣ। ਗੀਤਾ ਦੇ ਉਪਦੇਸ਼ ਸਦੀਵੀ ਹਨ। ਗੀਤਾ ਸਾਨੂੰ ਸਾਡੇ ਜੀਵਨ ਨਿਯਮਾਂ ਅਸੂਲਾਂ ਮਰਯਾਦਾਵਾਂ, ਵਿਧਾਨਾਂ ਅਤੇ ਉੱਚੀ ਸੁੱਚੀਆਂ ਕਦਰਾਂ-ਕੀਮਤਾਂ ਸੰਬੰਧੀ ਗਿਆਨ ਸਾਮਗ੍ਰੀ ਪ੍ਰਦਾਨ ਕਰਦੀ ਹੈ, ਜਿਸ ਨਾਲ ਜੀਵਨ ਨੂੰ ਸੁਚੱਜੇ ਢੰਗ ਨਾਲ ਉਚਿਆਇਆ ਜਾ ਸਕਦਾ ਹੈ।

੦ ਭਾਵੇਂ ਦਵੈਦ ਦਾ ਫਲੱਸਫਾ ਸਮਝਣਾ ਹੋਵੇ ਜਾਂ ਅਦਵੈਤ ਦਾ ਜਾਂ ਵਿਸ਼ਿਸ਼ਿਟ ਅਦਵੈਤ ਦਾ, ਗੱਲ ਪਰਮਾਤਮਾ ਸੰਬੰਧੀ ਹੈ ਜਾਂ ਉਸ ਦੇ ਨਿਰਗੁਣ ਸਗੁਣ ਸਰੂਪ ਦੀ ਹੈ – ਇਹ ਸਭ ਵੇਦਾਂਤ ਹੈ। ਅਧਿਆਤਮਕ ਤ੍ਰਿਕੜੀ ਦੇ ਨਿਯਮ ਵੇਦਾਂਤ ਹੈ। ਵੇਦ + ਅੰਤ ਵੇਦ ਦਰਸ਼ਨ ਦੀ ਉੱਚਤਮ ਟੀਸੀ ਵੇਦਾਂਤ ਹੈ। ਗੀਤਾ ਨੂੰ ਵੇਦਾਂਤ ਦੀ ਕੁੰਜੀ ਕਹਿ ਸਕਦੇ ਹਾਂ। ਜੋ ਵੇਦਾਂਤ ਸੰਬੰਧੀ ਪੂਰਣ ਦਰਸ਼ਨ ਦਾ ਸੰਖੇਪ ਗਿਆਨ ਹੈ।
੦ ਪਰਮਾਤਮਾ ਨਿਰਪੇਖ ਪੂਰਣ ਅਸੀਮ ਸੁਤੰਤਰ, ਮੁਕਤ ਸ਼ੁੱਧ ਪਰਮ, ਨਿਰੰਕੁਸ਼, ਸਰਬ ਅਧਿਕਾਰੀ, ਅਵੱਸਥਾ ਹੈ, ਜਿਸ ਨੂੰ ਮਨ ਬੁੱਧੀ ਅਤੇ ਕਥਨ ਸ਼ਕਤੀ (ਵਚਨ) ਦੀ ਸੀਮਾ ਵਿਚ ਪਰਿਭਾਸ਼ਤ ਕਰਨਾ ਅਸੰਭਵ ਹੈ। ਇਸ ਦੀ ਵਿਆਖਿਆ ਕਰਨੀ ਹੀ ਅਸੰਭਵ ਹੈ। ਪਰ ਜਦ ਕਿ ਪਰਮਾਤਮਾ ਸਾਰੀ ਕਾਇਨਾਤ ਵਿਚ ਸਰਵ ਵਿਆਪਕ ਹੈ, ਸਰਵ ਅੰਤਰ ਜਾਮੀ ਹੈ (ਹਰ ਜੀਵ ਦੇ ਅੰਦਰ ਵਸਣ ਵਾਲਾ ਹੈ) ਤਾਂ ਇਸ ਨੂੰ ਸਤ੍ਚਿੱਤ ਅਨੰਦਮ੍ ਕਹਿੰਦੇ ਹਾਂ ੦ ਅਸਤਿੱਤਵ ਗਿਆਨ ਤੇ ਵਿਸਮਾਦ ਅਥਵਾ ਆਤਮਿਕ ਸੁੱਖ। ਇਸ ਤੋਂ ਢੁਕਵੀਂ ਸ਼ਬਦਾਵਲੀ ਪਰਮਾਤਮਾ ਨੂੰ ਪਰਿਭਾਸ਼ਿਤ ਕਰਨ ਲਈ ਹੋਰ ਨਹੀਂ ਹੋ ਸਕਦੀ। ਉਹ ਜਿਹੜਾ ਕਾਲ ਖਲਾਅ ਕਾਰਣ ਤਵ (ਕਾਰਜ ਕਾਰਣ ਸਿਧਾਂਤ) ਤੋਂ ਵੀ ਪ੍ਰਭਾਵਿਤ ਨਹੀਂ ਹੁੰਦਾ, ਉਹ ਸਤਯ ਅਥਵਾ ਵਾਸਤਵਿਕਤਾ ਹੈ। ਫਿਰ ਵੀ ਅਸਲੀਅਤ, ਸਮੇਂ ਖਲਾਅ ਤੇ ਕਾਰਣਤਵ ਵਿਚ ਦ੍ਰਿਸ਼ਟੀਗੋਚਰ ਹੋ ਕੇ ਉਲਝਣ ਪੈਦਾ ਕਰਦੀ ਹੈ, ਜਿਸ ਕਾਰਨ ਸੀਮਤ ਅਧੀਨ ਵਸਤੂਆਂ (ਉਪਾਧੀਆਂ) ਪੈਦਾ ਹੁੰਦੀਆਂ ਰਹਿੰਦੀਆਂ ਹਨ, ਇਹ ਇਸ ਲਈ ਵੀ, ਇਹ ਸਾਮਤਥਾ ਅਧੀਨ ਵਸਤੂਆਂ (ਸਮਿਲਿਤ) ਕਾਰਨ ਹੀ ਵਿਅਕਤੀਗਤ ਆਤਮਾਵਾਂ (ਜੀਵ ਆਤਮਾਵਾਂ) ਹੋਂਦ ਵਿਚ ਆਈਆਂ ਹਨ। ਜੀਵ ਆਤਮਾ – ਤਾਤਵਿਕਤਾ ਅਥਵਾ ਯਥਾਰਥ ਦਾ ਪ੍ਰਕਾਸ਼ ਹੈ। ਜਿਸ ਨੂੰ ਪਰਮਾਤਮਾ ਕਹਿੰਦੇ ਹਾਂ। ਇਹ ਵਿਅਕਤੀਗਤ ਆਤਮਾਵਾਂ ਵਧੇਰੇ ਕਰਕੇ ਨਿਰੰਤਰ ਸਰਗਰਮੀਆਂ ਦੇ ਹਵਾਲੇ ਹੋ ਜਾਂਦੀਆਂ ਹਨ। ੦ ਕਰਮ ਹਾਲਾਤ ਅਨੁਸਾਰ ਜੀਵ ਦੇ ਨਾਲ ਰਹਿੰਦਾ ਹੈ, ਜਿਵੇਂ ਪ੍ਰਕਾਸ਼ ਤੇ ਗਰਮੀ ਸੂਰਜ ਦਾ ਅੰਗ ਹੁੰਦੀ ਹੈ, ਏਸੇ ਤਰ੍ਹਾਂ ਜੀਵ ਦੇ ਅੰਗ ਸੰਗ ਕਰਮ ਹੈ। ਜੀਵ ਤੇ ਕਰਮ ਦੇ ਵਿਚਕਾਰ ਇਕ ਦਾ ਸਪੱਸ਼ਟੀਕਰਣ ਕਰਨਾ ਦੂਜੇ ਦਾ ਸਪੱਸ਼ਟੀਕਰਣ ਕਰਨਾ ਹੈ। ਪਹਿਲੇ ਛੇ ਅਧਿਆਇ ਕਰਮ ਦੇ ਨਾਲ ਸੰਬੰਧਤ ਨਿਯਮਾਂ ਦੀ ਵਿਆਖਿਆ ਕਰਦੇ ਹਨ, ਜਿਸ ਨੂੰ ਕਰਮਯੋਗ ਅਤੇ ਵਿਅਕਤੀਗਤ ਦੀ ਲੜੀ ਵਿਚ ਰੱਖ ਸਕਦੇ ਹਾਂ। ਇਹ ਵਿਚਾਰ ਅਥਵਾ ਉਪਦੇਸ਼ ਕਰਮ ਦਾ ਅਤਿ ਸੂਖਮ ਰੂਪ ਹੈ।

੦ ਕਿਰਿਆ ਰੂਪੀ ਸਰਗਰਮੀ ਦਾ ਆਧਾਰ ਇੱਛਾ ਕਾਮਨਾ ਹੁੰਦਾ ਹੈ। ਇੱਛਾ ਕਾਮਨਾ ਤੋਂ ਸੁਤੰਤਰ ਕੋਈ ਕਰਮ ਨਹੀਂ ਹੈ। ਵਿਅਕਤੀ ਆਪਣੀ ਇੱਛਾ ਅਨੁਸਾਰ ਚਲਦਾ ਫਿਰਦਾ ਖਾਂਦਾ ਸੌਂਦਾ ਜਾਗਦਾ ਆਦਿ ਹੈ। ਇੱਛਾ ਦੀ ਸਮੁੱਚੀ ਅਭਿਵਿਅੰਜਨਾ (ਪ੍ਰਗਟਾ) ਹੀ ਕਿਰਿਆ ਹੈ, ਅਮਲ ਹੈ, ਅਥਵਾ ਕਾਰਵਾਈ ਹੈ। ਇੱਛਾਵਾਂ ਦੇ ਸਾਰੇ ਰੂਪ ਅੰਤ ਵਿਚ ਜਿਉਣ ਇੱਛਾ ਦਾ ਸਰੂਪ ਬਣ ਜਾਂਦੇ ਹਨ। ਜੀਵਨ ਨੂੰ ਸੁਰੱਖਿਅਤ ਅਥਵਾ ਸੰਭਾਲ ਕੇ ਰੱਖਣਾ ਤੇ ਇਨ੍ਹਾਂ ਅਣਗਿਣਤ ਸਰਗਰਮੀਆਂ ਦਾ ਰੂਪ ਦੇਣਾ, ਅੰਤ੍ਰੀਵ ਇੱਛਾ ਹੁੰਦੀ ਹੈ। ਸਰਬਨਾਸ਼ ਦੀ ਥਾਂ ਅਸਤਿੱਤਵ ਆਤਮਾ ਲਈ ਬਹੁਤ ਜ਼ਰੂਰੀ ਹੈ। ਪਰਮਾਤਮਾ ਹੀ ਜੀਵਨ ਹੈ। ਆਤਮਾਵਾਂ ਪਰਮਾਤਮਾ 'ਚੋਂ ਉਪਜਦੀਆਂ ਹਨ। ਉਨ੍ਹਾਂ ਉੱਪਰ ਜੋ ਤਬਾਹੀ ਤੇ ਸਤਿਨਾਸ਼ ਕੁਦਰਤ ਵੱਲੋਂ ਸਿਰ ਮੜ੍ਹਿਆ ਜਾਂਦਾ ਹੈ – ਉਸ ਦੇ ਹੁੰਦਿਆਂ ਹੋਇਆਂ ਵੀ – ਇਹ ਜੀਵਨ ਦੀ ਨਿਰੰਤਰਤਾ ਬਣਾਈ ਰੱਖਦੀਆਂ ਹਨ। ਮੌਤ ਦਾ ਸਾਹਮਣਾ ਕਰਦਿਆਂ ਜੀਵਨ ਨੂੰ ਸੁਰੱਖਿਅਤ ਰੱਖਣਾ, ਤੇ ਸਰਬਨਾਸ਼ ਅਥਵਾ ਤਬਾਹੀ ਦੇ ਹੁੰਦਿਆਂ ਵੀ ਸਥਾਈ ਸਥਿਤੀ ਬਣਾਈ ਰੱਖਣਾ, ਹੋਂਦ ਦੀ ਸਥਾਪਤੀ ਲਈ ਇੱਛਾ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਸਥਾਪਤੀ ਦੀ ਨਿਸ਼ਚਿਤਾ ਹੀ ਸਤਯ੍ ਹੈ ਤੇ ਪਰਮਾਤਮਾ ਨੂੰ ਵੀ ਸਤਯ੍ ਕਿਹਾ ਗਿਆ ਹੈ। ਗੀਤਾ ਦੇ ਪਹਿਲੇ ਛੇ ਅਧਿਆਇ ਇਸ ਵਾਸਤਵਿਕਤਾ (ਸੁਤਯ੍) ਦੀ ਵਿਆਖਿਆ ਕਰਦੇ ਹਨ। ੦ ਏਸੇ ਤਰ੍ਹਾਂ ਗੀਤਾ ਦੇ ਸੱਤਵੇਂ ਅਧਿਆਇ ਤੋਂ ਲੈ ਕੇ ਬਾਹਰਵ੍ਹੇਂ ਅਧਿਆਇ ਤੱਕ ਪਰਮਾਤਮਾ ਦੀ ਵਿਆਖਿਆ ਕੀਤੀ ਮਿਲਦੀ ਹੈ। ਪਰਮਾਤਮਾ ਕੀ ਹੈ

? ਭਗਤੀ ਕੀ ਹੈ ? ਸ਼ਰਧਾ ਕੀ ਹੈ ? ੦ ਪਵਿੱਤਰ ਹੋਈ ਸ਼ੁੱਧ-ਭਾਵਨਾ ਹੀ ਭਗਤੀ ਹੈ। ਸ਼ਰਧਾ ਹੈ, ਭਾਵਨਾ ਤਾਂ ਹੀ ਸ਼ੁੱਧ ਤੇ ਪਵਿੱਤਰ ਬਣਦੀ ਹੈ, ਜੇਕਰ ਸਾਡਾ ਤਨ ਮਨ ਪਰਮਾਤਮਾ ਵੱਲ ਹੋਵੇਗਾ। ਵਿਅਕਤੀ ਦਾ ਪਰਮਾਤਮਾ ਪ੍ਰਤਿ ਪ੍ਰੇਮ ਹੀ ਉਸ ਦੀ ਸ਼ੋਭਾ ਨੂੰ ਚਾਰ ਚੰਨ ਲਾਉਂਦਾ ਹੈ। ਜਿਵੇਂ ਲੋਹਾ ਚੁੰਬਕ ਵੱਲ ਖਿੱਚਿਆ ਜਾਂਦਾ ਹੈ, ਏਸੇ ਤਰ੍ਹਾਂ ਇਕ ਵਿਅਕਤੀ ਜਿਸ ਕੋਲ ਸ਼ਰਧਾ ਭਗਤੀ ਹੈ, ਪ੍ਰਭੂ ਵੱਲ ਆਕਰਸ਼ਤ ਹੁੰਦਾ ਹੈ। ਏਸੇ ਲਈ ਪ੍ਰਭੂ ਨੂੰ ਪ੍ਰੇਮ ਤੇ ਪ੍ਰੇਮ ਨੂੰ ਪ੍ਰਭੂ ਕਿਹਾ ਜਾਂਦਾ ਹੈ। ਸ਼ੁੱਧ ਪ੍ਰੇਮ ਹੀ ਮਧੁਰਤਾ ਸ਼ਾਲੀਨਤਾ ਤੇ ਪਵਿੱਤਰਤਾ ਪੈਦਾ ਕਰਦਾ ਹੈ, ਇਹੋ ਹੀ ਵਿਸਮਾਦ ਹੈ। ਆਤਮਾ ਦੀ ਅਪਾਰ ਖ਼ੁਸ਼ੀ ਹੈ, ਮਸਤੀ ਹੈ। ਉੱਚਤਮ ਵਿਸਮਾਦ ਹੀ ਆਪਣੇ ਆਪ ਵਿਚ ਦਿੱਵਤਾ ਹੈ। ਪਰਮਾਰਥ ਹੈ। ਆਤਮਿਕ ਸੁੱਖ (ਵਿਸਮਾਦ) ਹੀ ਵਾਸਤਵਿਕਤਾ ਹੈ। ਆਤਮਾ ਇਸ ਵਿਸਮਾਦ ਲਈ ਹੀ ਜੀਵਨ ਵਿਚ ਆ ਕੇ ਸੰਘਰਸ਼ ਕਰਦੀ ਹੈ। ਜੇ ਇਹ ਨਾ ਹੋਵੇ ਤਾਂ ਜ਼ਿੰਦਗੀ ਇਕ ਪਲ ਲਈ ਦੁਭਰ ਹੋ ਜਾਂਦੀ ਹੈ। ਇਸ ਨੂੰ ਆਪਣੀ ਮਰਜ਼ੀ ਨਾਲ ਹੀ ਸਮਾਪਿਤ ਕਰ ਦਿੱਤਾ ਜਾਵੇ। ਭਾਵਨਾ ਦੇ ਅਤਿ ਖਿੜ੍ਹੇ ਹੋਏ ਫੁੱਲ ਵਿਚੋਂ ਹੀ ਆਨੰਦਮ੍ ਦਾ ਅੰਮ੍ਰਿਤ ਵਹਿੰਦਾ ਹੈ। ਗੀਤਾ ਦਾ ਦੂਜਾ ਭਾਗ ਇਸ ਦੈਵੀ ਆਨੰਦ ਦੀ ਪ੍ਰਾਪਤੀ ਦਾ ਮਾਰਗ ਦਰਸ਼ਨ ਕਰਦਾ ਹੈ।

੦ ਸਿਥਿਲ, ਅਹਿਲ, ਗਤੀਹੀਣ ਨਿਸ਼ਕਿਰਿਆ ਰੂਪੀ ਪਦਾਰਥਾਂ ਦੀ ਵੀ ਹੋਂਦ ਹੈ ਤੇ ਜੋ ਜਿਉਂਦੇ ਹਨ - ਉਨ੍ਹਾਂ ਦੀ ਵੀ ਹੋਂਦ ਹੈ। ਇਨ੍ਹਾਂ ਦੋਵਾਂ ਦੇ ਅੰਤਰ ਬੋਧ ਨੂੰ ਸਮਝਣਾ ਜ਼ਰੂਰੀ ਹੈ। ਜੋ ਜੀਵਤ ਹੈ, ਉਸ ਨੂੰ ਆਪਣੀ ਹੋਂਦ ਦਾ ਗਿਆਨ ਹੈ, ਜੋ ਜੜ੍ਹ ਤੇ ਨਿਸ਼ਕ੍ਰਿਆ ਰੂਪੀ ਹੈ, ਉਸ ਨੂੰ ਆਪਣੀ ਹੋਂਦ ਦਾ ਵੀ ਗਿਆਨ ਨਹੀਂ ਹੈ। ਚੇਤਨਾ - ਸੂਝ ਬੂਝ ਸਮਝ ਅਥਵਾ ਗਿਆਨ 'ਚੋਂ ਜਨਮਦੀ ਹੈ, ਉਹ ਆਪਣੇ ਆਪ ਵਿਚ ਆਪਣੀ ਸਪੱਸ਼ਟਤਾ ਦੀ ਗਵਾਹੀ ਹੈ। ਇਕ ਜਿਉਂਦੇ ਜੀਵ ਨੂੰ ਆਪਣੀ ਹੋਂਦ ਦਾ ਅਹਿਸਾਸ ਹੁੰਦਾ ਹੈ। ਜਾਣਨ ਦੀ ਪ੍ਰਕ੍ਰਿਆ ਹੀ ਗਿਆਨ ਹੈ। ਗਿਆਨ ਦੀ ਤੀਬਰਤਾ ਵਿਚ ਅੰਤਰ ਬੋਧ ਹੈ। ਵਧੇਰੇ ਵਿਕਾਸ ਵਾਲੇ ਜੀਵ ਨੂੰ ਵਧੇਰੇ ਗਿਆਨ ਅਥਵਾ ਸੂਝ ਸਮਝ ਹੁੰਦੀ ਹੈ, ਜਦ ਕਿ ਘੱਟ ਵਿਕਸਤ ਜੀਵਾਂ ਦਾ ਗਿਆਨ ਨਿਸ਼ਕ੍ਰਿਆ ਰੂਪੀ ਗਤੀਹੀਣਤਾ ਦੀ ਅਵੱਸਥਾ ਵਿਚ ਹੁੰਦਾ ਹੈ। ਇਕ ਜੀਵਨ ਤੇ ਦੂਜੇ ਜੀਵਨ ਵਿਚ, ਜੋ ਅੰਤਰ ਬੋਧ ਹੈ, ਉਹ ਕੇਵਲ ਸੂਝ ਸਮਝ ਗਿਆਨ ਨੂੰ ਹੀ ਆਧਾਰ ਮੰਨ ਕੇ ਹੈ। ਇਹ ਅੰਤਰ ਭੇਦ ਪ੍ਰਕਾਰ ਦਾ ਨਹੀਂ, ਬਲਕਿ ਗਿਆਨ ਦੀ ਘੱਟ ਵੱਧ ਮਾਤਰਾ ਕਰਕੇ ਹੈ। ਕਿਸੇ ਵਿਚ ਗਿਆਨ ਦੀ ਮਾਤਰਾ ਘੱਟ ਵੱਧ ਕਰਨ ਦੀ ਯੋਜਨਾ ਪ੍ਰਕ੍ਰਿਤੀ ਦੀ ਹੈ। ਭਾਵਨਾ ਤੇ ਗਿਆਨ ਵਿਚ ਆਪਸੀ ਸੰਬੰਧ ਹੁੰਦਾ ਹੈ। ਜਦੋਂ ਲੋਹੇ ਨੂੰ ਗਰਮ ਕੀਤਾ ਜਾਂਦਾ ਹੈ ਇਹ ਪਿਘਲ ਜਾਂਦਾ ਹੈ, ਨਰਮ ਹੋ ਜਾਂਦਾ ਹੈ ਅਤੇ ਤਤਕਾਲ ਹੀ ਉਸ ਦੀ ਆਭਾ ਖ਼ਤਮ ਹੋ ਜਾਂਦੀ ਹੈ। ਜੀਵਾਂ ਵਿਚ ਭਾਵਨਾ ਦੀ ਤੁਲਨਾ ਵੀ ਅਸੀਂ ਪਿਘਲ ਰਹੇ ਲੋਹੇ ਨਾਲ ਕਰ ਸਕਦੇ ਹਾਂ। ਅਗਲਾ ਨੁਕਤਾ ਜੋ ਸਾਨੂੰ ਸਵੀਕਾਰ ਕਰਨਾ ਪਵੇਗਾ, ਉਹ ਇਹ ਹੈ ਕਿ ਭਾਵਨਾ ਦੀ ਸ਼ੋਭਾ ਗੌਰਵ ਤੇ ਪ੍ਰਕਾਸ਼ ਦਾ ਸਮੀਕਰਣ ਕਿਵੇਂ ਕੀਤਾ ਜਾਵੇ ? ਦੂਜੇ ਸ਼ਬਦਾਂ ਵਿਚ ਇਸ ਦੀ ਸੰਤੁਲਤਾ ਕਿਵੇਂ ਬਣਾ ਕੇ ਰੱਖੀ ਜਾਵੇ ? ਇਸ ਦ੍ਰਵ ਰੂਪ ਅੱਵਸਥਾ ਦੇ ਸਮਾਨੰਤਰ ਵਿਕਾਸ ਕਰਦੀ ਸ਼ੋਭਾ ਹੈ ਜੋ ਨਿਸ਼ਕ੍ਰਿਆ ਅਥਵਾ ਗਤੀਹੀਣ ਜੜ੍ਹ ਪਦਾਰਥ 'ਚੋਂ ਲਈ ਜਾਂਦੀ ਹੈ। ਹੁਣ ਅਸੀਂ ਜਿਉਂਦੇ ਜੀਵਾਂ ਦੀ ਗੱਲ ਕਰਦੇ ਹਾਂ। ਇਨ੍ਹਾਂ ਵਿਚ ਭਾਵ ਤੇ ਗਿਆਨ ਨਾਲੋ ਨਾਲ ਹੁੰਦੇ ਹਨ। ਜਦ ਭਾਵਨਾ ਨੂੰ ਪਵਿੱਤਰ ਕਰ ਲਿਆ ਜਾਂਦਾ ਹੈ ਤਾਂ ਗਿਆਨ ਤਿੱਖਾ ਹੋ ਜਾਂਦਾ ਹੈ। ਪਵਿੱਤਰ ਥਾਵਾਂ ਵਿਚੋਂ ਹੀ ਉਚੇਰੇ ਗਿਆਨ ਦੀ ਉਤਪਤੀ ਹੁੰਦੀ ਹੈ। ਭਾਵੇਂ ਪਿਆਰ ਹੋਵੇ ਜਾਂ ਹਮਦਰਦੀ - ਦੋਵਾਂ ਵਿਅਕਤੀਆਂ ਵਿਚਕਾਰ ਅਜਿਹੀ ਸਮਝ ਸੂਝ ਪੈਦਾ ਕਰਦੀ ਹੈ, ਜਿਹੜੀ ਆਮ ਸਾਧਾਰਣ ਜਾਣ ਪਹਿਚਾਣ ਵਾਲਿਆਂ ਵਿਚਕਾਰ ਵਿਚ ਨਹੀਂ ਮਿਲਦੀ। ਕਿਸੇ ਹੱਦ ਤੱਕ ਇਹ ਠੀਕ ਵੀ ਹੈ ਕਿ ਵਿਅਕਤੀਆਂ ਦੀ ਇਹ ਸਮਝ ਬੇਹੱਦ ਸੀਮਾ ਤੱਕ ਵਿਕਾਸ ਕਰ ਜਾਂਦੀ ਹੈ। ਪ੍ਰੇਮ ਤੇ ਗਿਆਨ ਦੇ ਸੰਬੰਧਾਂ ਨੂੰ - ਵਿਅਕਤੀ ਤੇ ਪ੍ਰਭੂ ਦੇ ਰਿਸ਼ਤੇ ਨੂੰ ਪੱਕਾ ਤੇ ਸਥਾਈ ਬਣਾਉਣ ਵਿਚ, ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਪ੍ਰਭੂ ਪਿਆਰ - ਪ੍ਰਭੂ ਦੇ ਗਿਆਨ ਦੀ ਜਾਣਕਾਰੀ ਦਾ ਸਰੋਤ ਹੈ। ਜਿੰਨਾ ਕੋਈ ਪ੍ਰਭੂ ਨੂੰ ਪਿਆਰ ਕਰਦਾ ਹੈ। ਉਹ ਉਸ ਸੰਬੰਧੀ ਵਧੇਰੇ ਗਿਆਨ ਪ੍ਰਾਪਤ ਕਰਦਾ ਹੈ। ਈਸ਼ਵਰ ਤੱਤਵ ਦੇ - ਦੋ ਪਾਸੇ - ਪ੍ਰੇਮ ਤੇ ਗਿਆਨ ਹਨ। ਭਾਵਨਾ ਤੇ ਗਿਆਨ ਦੀ, ਜੀਵਨ ਲਈ ਮਹੱਤਤਾ ਨੂੰ ਜਿੰਨਾ ਸਮਝਿਆ ਜਾਵੇ ਘੱਟ ਹੈ। ਬੌਧਿਕਤਾ, ਚੇਤਨਾ, ਗਿਆਨ ਸਮਝ ਸੂਝ ਤੇ ਮਾਨਸਿਕਤਾ ਇਸ ਯੋਗਤਾ ਦੇ ਭਿੰਨ ਭਿੰਨ ਸਰੂਪ ਹਨ। ਗੀਤਾ ਦੇ ਤੇਰ੍ਹਵੇਂ ਅਧਿਆਇ ਤੋਂ ਲੈ ਕੇ ਅਠਾਰਵੇਂ ਅਧਿਆਇ ਤੱਕ ਗਿਆਨ ਦੇ ਭਿੰਨ ਭਿੰਨ ਮਾਰਗਾਂ ਸੰਬੰਧੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ।

੦ ਜਿਵੇਂ ਜਗ ਰਿਹਾ ਦੀਪਕ ਆਪਣੇ ਆਪ ਨੂੰ ਵਧੇਰੇ ਚਮਕੀਲਾ ਕਰਦਾ ਹੈ ਤਾਂ ਉਹ ਆਪਣੇ ਆਪ ਤੇ ਆਪਣੇ ਆਲੇ ਦੁਆਲੇ ਨੂੰ ਵਧੇਰੇ ਅਭਿਵਿਅਕਤ ਕਰਦਾ ਹੈ। ਜੋ ਉਸ ਦੇ ਦਾਇਰੇ ਵਿਚ ਆਉਂਦਾ ਹੈ ਜਾਂ ਜੋ ਵਸਤੂ ਉਸ ਦੇ ਚਾਨਣ ਵਿਚ ਲਿਆਈ ਜਾਂਦੀ ਹੈ, ਉਹ ਉਸ ਉੱਪਰ ਵੀ ਚਾਨਣ ਪਾਉਂਦਾ ਹੈ। ਮੰਨ ਲਵੋ ਦੀਪਕ ਨੂੰ ਅਜਿਹੇ ਸ਼ੀਸ਼ੇ ਦੀ ਚਿਮਨੀ ਵਿਚ ਰੱਖ ਦੇਈਏ, ਜਿਸ ਉੱਪਰ ਬਹੁਤ ਗਰਦ ਜੰਮੀ ਹੋਵੇ। ਭਾਵੇਂ ਦੀਵੇ ਦੀ ਲਾਟ ਕਿੰਨੀ ਵੀ ਚਮਕਦਾਰ ਕਿਉਂ ਨਾ ਹੋਵੇ ਤਾਂ ਉਸ ਦੀ ਰੌਸ਼ਨੀ ਮੱਧਮ ਹੀ ਦਿਖਾਈ ਦੇਵੇਗੀ। ਜਦ ਸਮਝਣ ਦੀ ਕਾਰਜ ਕੁਸ਼ਲਤਾ ਸ਼ੁੱਧ ਹੋ ਜਾਂਦੀ ਹੈ ਤਾਂ ਅੰਦਰਲੀ ਰੌਸ਼ਨੀ ਆਪਣੇ ਆਪ ਹੀ ਵਧੇਰੇ ਸ਼ੋਭਾ ਨਾਲ ਚਮਕਣ ਲੱਗਦੀ ਹੈ। ੦ ਸਮਝ ਸੂਝ ਅਥਵਾ ਬੁੱਧੀ ਦੀ ਕਾਰਜ ਕੁਸ਼ਲਤਾ ਨੂੰ ਸ਼ੁੱਧ ਕਰਨ ਦੀਆਂ ਯੁਕਤਾਂ ਗੀਤਾ ਦੇ ਤੀਜੇ ਭਾਗ ਵਿਚ ਹਨ, ਜਿਸ ਵਿਚ ਗਿਆਨ - ਮਾਰਗ ਸੰਬੰਧੀ ਵਿਚਾਰ ਕੀਤਾ ਗਿਆ ਹੈ। ਪ੍ਰਭੂ ਹੀ ਪ੍ਰਕਾਸ਼ ਹੈ। ਚਾਨਣ ਹੈ। ਜੋ ਵੀ ਇਸ ਦੀ ਜੁਸਤਜੂ (ਤਲਾਸ਼) ਕਰਦਾ ਹੈ, ਉਹ ਉਸ ਨੂੰ ਪ੍ਰਾਪਤ ਹੋ ਹੀ ਜਾਂਦਾ ਹੈ। ਗਿਆਨ-ਯੋਗ - ਬੁੱਧੀ ਦੀ ਕਾਰਜ ਕੁਸ਼ਲਤਾ ਨੂੰ ਸ਼ੁੱਧ ਕਰਨ ਦੇ ਅਜਿਹੇ ਸਾਧਨ ਦੱਸਦਾ ਹੈ ਕਿ ਸਾਡੀ ਬੁੱਧੀ ਉੱਚਤਮ ਸਤਯ੍ ਚਿੱਤ ਆਨੰਦ ਦੀ ਪਦਵੀ ਗ੍ਰਹਿਣ ਕਰ ਲਵੇ। ਪ੍ਰਕਾਸ਼, ਜੀਵਨ ਤੇ ਪ੍ਰੇਮ - ਉਸੇ ਵਾਸਤਵਿਕਤਾ ਦੇ ਵੱਖ ਨਾ ਹੋਣ ਵਾਲੇ ਪੱਖ ਹਨ। ਕਰਮ ਯੋਗ ਸਤਯ੍ ਦੀ ਮੁੱਢਲੀ ਸ਼ਰਤ ਹੈ। ਭਗਤੀ ਯੋਗ ਆਨੰਦਮ੍ ਨੂੰ ਸਵੀਕਾਰ ਕਰਦਾ ਹੈ ਅਤੇ ਗਿਆਨ ਯੋਗ ਚਿੱਤ ਦਾ ਪਰਮ-ਸਿਧਾਂਤ ਹੈ। ਯੋਗ ਦੇ ਇਹ ਤਿੰਨੇ ਸਾਧਨਾਂ ਦੀ ਉੱਚ ਕੋਟੀ ਯੋਗੀਸ਼ਵਰ ਹੈ। ਸਾਧਕ ਨੂੰ ਇਨ੍ਹਾਂ ਤਿੰਨਾਂ ਸਾਧਨਾਂ ਦਾ ਨਾਲੋ ਨਾਲ ਹੀ ਸਦਉਪਯੋਗ ਤੇ ਅਭਿਆਸ ਕਰਨਾ ਚਾਹੀਦਾ ਹੈ। ਇੰਜ ਕੀਤਿਆਂ ਉਸ ਦੇ ਅੰਤਰ ਪੂਰਣਤਾ ਭਰਪੂਰਤਾ ਸੰਤੁਸ਼ਟਤਾ ਅਤੇ ਉੱਚਤਮ ਅਵੱਸਥਾ (ਅਧਿਆਤਮਕਤਾ) ਦੇ ਗੁਣ ਪ੍ਰਾਪਤ ਹੁੰਦੇ ਹਨ। ਉਹ ਪ੍ਰਭੂ ਦਾ ਰੂਪ ਧਾਰਨ ਕਰਦਾ ਹੈ ਤੇ ਪ੍ਰਭੂ ਵੀ ਉਸ ਵਿਚ ਦਿਖਾਈ ਦਿੰਦਾ ਹੈ। ੦ ਦੁਨੀਆਂ ਦੇ ਸਾਰੇ ਧਰਮ-ਗਰੰਥਾਂ ਦੇ ਅੰਦਰ ਇਕੋ ਹੀ ਤੌਰ ਤਰੀਕਾ ਅਪਣਾਇਆ ਜਾਂਦਾ ਹੈ। ਉਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਕੋ ਮਹਾਂਵਾਕਯਮ੍ ਦੇ ਸਾਰੇ ਹੀ ਪ੍ਰਤਿਰੂਪ (ਵਿਆਖਿਆਤ - ਭਾਸ਼ਕਾਰ) ਹੁੰਦੇ ਹਨ। ਇਹ ਮਹਾਂ ਵਾਕਯ੍ਮ੍ ਹੈ ਕੀ ? ਮਹਾਵਾਕਯ੍ਮਮ ਵਿਅਕਤੀ ਤੇ ਪਰਮਾਤਮਾ ਦੇ ਰਿਸ਼ਤੇ ਦੀ ਘੋਸ਼ਣਾ ਕਰਦਾ ਹੈ। ਵੇਦ ਵੀ ਅਜਿਹੀਆਂ ਚਾਰ ਘੋਸ਼ਣਾਵਾਂ ਕਰਦੇ ਹਨ। ਇਨ੍ਹਾਂ ਨੂੰ ਉਤਸ਼ਾਹਿਤ ਕਰਨ ਵਾਲੇ ਬੋਲਾਂ ਨੂੰ ਪਵਿੱਤਰ ਬੋਲ ਮੰਨਿਆ ਗਿਆ ਹੈ। ਇਨ੍ਹਾਂ ਵਿਚ ਵਧੇਰੇ ਪ੍ਰਸਿੱਧ ਇਹ ਪਦ ਹਨ 'ਤਾਤ ਤਵ੍ਮ੍ ਅਸਿ - ਇਸ ਦੇ ਤਿੰਨ ਸ਼ਬਦ ਹਨ। ਜੇਕਰ ਇਨ੍ਹਾਂ ਦਾ ਅਨੁਵਾਦ ਕੀਤਾ ਜਾਵੇ ਤਾਂ ਇਸ ਦੇ ਅਰਥ ਹਨ 'ਉਹ ਤੇਰਾ ਹੈ' ਪਰ ਜੇਕਰ ਇਸਨੂੰ ਵਾਰਤਕ ਰੂਪ ਵਿਚ ਅਰਥਾਇਆ ਜਾਵੇ ਤਾਂ 'ਆਪ ਉਸ ਦੇ ਹੋ' ਅਰਥ ਨਿਕਲਦੇ ਹਨ। ਇਹ ਕਿ ਤੂੰ ਪ੍ਰਭੂ ਲਈ ਕੋਈ ਪਰਾਇਆ ਨਹੀਂ। ਪ੍ਰਭਾਵਸ਼ਾਲੀ ਵਾਕ ਵਿਚ ਪ੍ਰਭੂ ਦੇ ਸਾਰਾਂਸ਼ ਅਥਵਾ ਪ੍ਰਯੋਜਨ ਹਨ। ਕਿਸੇ ਇਕ ਰੂਪ ਵਿਚ ਜਾਂ ਦੂਜੇ ਰੂਪ ਵਿਚ, ਇਹੋ ਵਿਚਾਰ, ਸਾਰੇ ਧਾਰਮਿਕ ਗਰੰਥਾਂ ਵਿਚ ਮਿਲਦਾ ਹੈ। ਪਰ ਗੀਤਾ ਵਿਚ ਇਸ ਵਿਚਾਰ ਨੂੰ ਪ੍ਰਯੋਜਨ ਨਹੀਂ ਬਣਾਇਆ ਗਿਆ, ਬਲਕਿ ਇਸ ਵਿਚ ਆਰੰਭ ਤੋਂ ਅੰਤ ਤੱਕ - ਇਸ ਮਹਾ ਕਥਨ 'ਤੂ ਉਸ ਦਾ ਏਂ' ਸੰਬੰਧੀ ਹੀ ਭਰਪੂਰ ਵਿਆਖਿਆ ਕੀਤੀ ਗਈ ਹੈ। ਦੂਜੇ ਸ਼ਬਦਾਂ ਵਿਚ ਜੀਵ ਪ੍ਰਭੂ ਦਾ ਅੰਸ਼ ਹੈ, ਸੰਬੰਧੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ੦ ਗੀਤਾ ਦੇ ਅਠਾਰ੍ਹਾਂ ਅਧਿਆਇ ਹਨ, ਜਿਨ੍ਹਾਂ

ਨੂੰ ਰਵਾਇਤੀ ਤੌਰ ਤੇ 3x6 ਤ੍ਰੈਸਤ੍ਕਮ੍ ਮੰਨਿਆ ਗਿਆ ਹੈ। ਪਹਿਲੇ ਛੇ ਅਧਿਆਇ 'ਮਹਾਂਵਾਕ' ਵਿਚਲੇ 'ਤੂੰ' ਸ਼ਬਦ ਦੀ ਵਿਆਖਿਆ ਕਰਦੇ ਹਨ। 'ਤੂੰ' ਸ਼ਬਦ ਜੀਵਾਤਮਾ ਲਈ ਵਰਤਿਆ ਗਿਆ ਹੈ ਜਾਂ ਇਹ ਸ਼ਬਦ ਵਿਅਕਤੀਗਤ ਆਤਮਾ ਲਈ, ਉਸ ਨਾਲ ਸੰਬੰਧਿਤ ਉਸ ਦੀਆਂ ਸਾਰੀਆਂ ਯੋਗਤਾਵਾਂ ਤੇ ਸੰਭਾਵਨਾਵਾਂ ਲਈ ਹੈ। ਵਿਅਕਤੀਗਤ ਆਤਮਾ ਦੀਆਂ ਦਿਖਾਈ ਦੇਣ ਵਾਲੀਆਂ ਜੋ ਸੀਮਾਵਾਂ ਹਨ, ਉਨ੍ਹਾਂ ਉੱਪਰ ਕਿਵੇਂ ਕਾਬੂ ਪਾਇਆ ਜਾ ਸਕਦਾ ਹੈ ਤਾ ਕਿ ਉਨ੍ਹਾਂ ਵਿਚ ਉਤਕ੍ਰਿਸ਼ਟਤਾ ਅਥਵਾ ਪੂਰਣਤਾ ਆ ਜਾਵੇ ਤੇ ਉਨ੍ਹਾਂ ਦਾ ਏਥੇ ਭਰਪੂਰ ਵਰਨਣ ਕੀਤਾ ਗਿਆ ਹੈ। ਸੱਤਵੇਂ ਅਧਿਆਇ ਤੋਂ ਲੈ ਕੇ ਬਾਰ੍ਹਵੇਂ ਅਧਿਆਇ ਤੱਕ ਦੂਜਾ ਸਤ੍ਯਕਮ੍ ਹੈ। ਇਹ ਭਾਵ - ਸ਼ਬਦ 'ਉਹ' ਨਾਲ ਸੰਬੰਧਿਤ ਹੈ, ਉਹ - ਪ੍ਰਭੂ ਹੈ। ਇਕੋ ਇਕ ਵਾਸਤਵਿਕਤਾ ਹੈ, ਜੋ ਸਤ੍ਯ ਹੈ। ਜਿਸ ਨੂੰ ਪ੍ਰਕ੍ਰਿਤੀ ਕਹਿੰਦੇ ਹਾਂ, ਉਸ ਵਾਸਤਵਿਕਤਾ ਤੋਂ ਬਿਨਾਂ ਹੋਰ ਕੁੱਝ ਨਹੀਂ ਹੈ। ਇਸ ਵਾਸਤਵਿਕਤਾ ਨੂੰ ਬੁੱਧੀ ਤੇ ਗਿਆਨ ਇੰਦ੍ਰੀਆਂ ਰਾਹੀਂ ਅਨੁਭਵ ਕੀਤਾ ਜਾਂਦਾ ਹੈ। ਸਵੈ - ਪ੍ਰਕ੍ਰਿਤੀ ਵਿਚ ਸਰਵ ਵਿਆਪੀ ਤੇ ਸਰਵ ਅੰਤਰ ਜਾਮੀ ਹੈ ਅਤੇ ਜੋ ਸਰਬ ਅਧਿਕਾਰੀ ਹੈ ਤੇ ਜੋ ਵਿਚਾਰ ਤੇ ਵਿਵਰਣ ਤੋਂ ਪਰੇ ਦੀ ਪ੍ਰਕ੍ਰਿਤੀ ਹੈ। ਇਹ ਸਾਰੇ ਬ੍ਰਹਿਮੰਡੀ ਜਗਤ ਦਾ ਵਿਅਕਤਿੱਤਵ ਹੈ, ਜਿਸ ਨੂੰ ਅੰਤਰ ਪ੍ਰੇਰਨਾ ਅਥਵਾ ਸੁਹਜ ਗਿਆਨ ਦੇ ਭਿੰਨ ਭਿੰਨ ਪੱਖਾਂ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਂਦਾ ਹੈ। ੦ ਤੀਜਾ ਸਤ੍ਯਕਮ੍ - ਗੀਤਾ ਦੇ ਪਿਛਲੇ ਅਧਿਆਵਾਂ ਵਿਚ ਵਿਚਾਰਿਆ ਗਿਆ ਹੈ। ਸੱਚ ਕੀ ਹੈ ? ਝੂਠ ਕੀ ਹੈ ? ਦਾ ਨਿਰਣਾ ਇਸ ਭਾਗ ਵਿਚ ਕੀਤਾ ਗਿਆ ਹੈ। ਵਿਅਕਤੀਗਤ ਆਤਮਾ ਅਤੇ ਬ੍ਰਹਿਮੰਡੀ ਜਗਤ ਦੇ ਯਥਾਰਥ ਵਿਚਕਾਰ ਜੋ ਅਖੰਡ ਰਿਸ਼ਤਾ ਹੈ - ਏਸੇ ਭਾਗ ਵਿਚ ਇਸ ਸੰਬੰਧੀ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਤਿੰਨਾਂ ਨੂੰ ਬਰਾਬਰ ਮਹੱਤਤਾ ਦੇ ਕੇ ਇਨ੍ਹਾਂ ਦੇ ਮੂਲ ਸਿਧਾਂਤਾਂ ਦੀਆਂ ਗੁੰਝਲਾਂ ਖੋਲ੍ਹਕੇ ਵਿਸਥਾਰਮਈ ਵਿਆਖਿਆ ਕੀਤੀ ਗਈ ਹੈ। ਇਹੋ ਗੀਤਾ ਦੀ ਸਿਧਾਂਤਕ ਉਤਕ੍ਰਿਸ਼ਟਤਾ ਹੈ ੦ ਲੋਕ - ਮਾਨਵੀ ਗਤੀਵਿਧੀਆਂ ਨੂੰ ਆਮ ਤੌਰ 'ਤੇ ਅਧਿਆਤਮਕ ਅਤੇ ਸੰਸਾਰਕ ਰੂਪ ਵਿਚ ਵੰਡਦੇ ਹਨ। ਪਹਿਲੀ ਵਰਗ ਵੰਡ ਪਵਿੱਤਰ ਆਤਮਿਕ ਅਥਵਾ ਸ਼ੁੱਧ, ਤੇ ਦੂਜੀ ਨੂੰ ਲੌਕਿਕ ਵਿਵਹਾਰਕ ਅਥਵਾ ਸੰਸਾਰਕ ਮੰਨਿਆ ਜਾਂਦਾ ਹੈ। ਪਰ ਭਗਵਦ ਗੀਤਾ - ਇਨ੍ਹਾਂ ਵਿਚ ਬਨਾਵਟੀ ਅੰਤਰ ਨਹੀਂ ਸਮਝਦੀ। ਇਸ ਧਰਤੀ ਉੱਪਰ ਜੋ ਜੀਵਨ ਹੈ, ਉਹ ਅਧਿਆਤਮਕਤਾ ਤੋਂ ਭਿੰਨ ਨਹੀਂ ਹੈ। ਸਾਰੀਆਂ ਅਵੱਸਥਾਵਾਂ ਵਿਚ ਜੀਵਨ ਵਿਚ ਨਿਰੰਤਰਤਾ ਅਤੇ ਇਕਸਾਰਤਾ ਹੈ। ਜੋ ਕੁੱਝ ਜਿਸ ਰੂਪ ਵਿਚ ਵਿਅਕਤੀ ਹੁਣ ਹੈ, ਉਸੇ ਰੂਪ ਵਿਚ ਉਹ ਬਾਅਦ ਵਿਚ ਵੀ ਹੋਵੇਗਾ। ਸਰੀਰ ਵਿਚ ਦੀ ਤਬਦੀਲੀ ਵੱਡੇ ਪਰਿਵਰਤਨ ਲਈ ਪ੍ਰਭਾਵ ਨਹੀਂ ਪਾਉਂਦੀ, ਅਥਵਾ ਵਿਅਕਤਿੱਤਵ ਵਿਚ ਵਧੇਰੇ ਪਰਿਵਰਤਨ ਨਹੀਂ ਕਰਦੀ, ਜਿਵੇਂ ਬੱਸ ਕੱਪੜੇ ਤਬਦੀਲ ਕਰਨ ਨਾਲ ਵਿਅਕਤਿਤਵ ਵਿਚ ਬਹੁਤਾ ਫ਼ਰਕ ਨਹੀਂ ਪੈਂਦਾ। ਵਿਅਕਤੀ ਵਿਚ ਮੁੱਖ ਪਰਿਵਰਤਨ ਦਾ ਕਾਰਨ ਕਿਰਿਆ ਅਥਵਾ ਅਮਲ ਦਾ ਆਚਾਰ ਵਿਵਹਾਰ ਹੈ। ਇਹੋ ਹੀ ਵਿਅਕਤੀ ਨੂੰ ਉਹੋ ਕੁੱਝ ਬਣਾਉਂਦਾ ਹੈ, ਜੋ ਕੁੱਝ ਉਹ ਹੈ। ਕਿਰਿਆ - ਕਾਰਜ - ਅਮਲ ਆਪਣੇ ਆਪ ਨਾ ਚੰਗਾ ਹੁੰਦਾ ਹੈ, ਨਾ ਹੀ ਭੈੜਾ। ਨਾ ਇਹ ਅਧਿਆਤਮਕ ਨਾ ਸੰਸਾਰਕ ਹੁੰਦਾ ਹੈ। ਸਾਡਾ ਆਪਣਾ ਦ੍ਰਿਸ਼ਟੀਕੋਣ, ਰਵੱਈਆ, ਆਚਾਰ ਵਿਵਹਾਰ ਹੀ ਹੁੰਦਾ ਹੈ, ਜਿਸ ਨਾਲ ਜਾਦੂਮਈ ਪਰਿਵਰਤਨ ਆਉਂਦਾ ਹੈ। ਜਿਸ ਦੇ ਕਾਰਣ ਹੀ ਕਿਰਿਆ ਅਮਲੀ ਕਾਰਜ ਜਦ ਅਧਿਆਤਮਕ ਵਿਅਕਤੀ ਦੇ ਰਾਹੀਂ ਕੀਤੇ ਜਾਂਦੇ ਹਨ ਤਾਂ ਪਵਿੱਤਰ ਬਣ ਜਾਂਦੇ ਹਨ ਪਰ ਜਦ ਕੋਈ ਕਾਰਜ ਕਿਰਿਆ ਤੇ ਅਮਲ - ਉਸ ਵਿਅਕਤੀ ਦੇ ਰਾਹੀਂ ਕੀਤੇ ਜਾਣ, ਜੋ ਸੰਸਾਰਕ ਪਦਾਰਥਕ ਰੁਚੀਆਂ ਵਾਲਾ ਹੈ ਤਾਂ ਉਹ ਭੈੜੇ ਮੰਦੇ ਅਤੇ ਦੁਸ਼ਟਮਈ ਹੋ ਜਾਂਦੇ ਹਨ। ਪਦਾਰਥਕ ਸੰਸਾਰਕ ਰੁਚੀ ਦੇ ਕਾਰਣ ਸ਼ੁੱਧ ਤੇ ਅਧਿਆਤਮਕ ਕਾਰਜ ਸੰਸਾਰਥ ਬਣ ਜਾਂਦੇ ਹਨ। ਭਗਵਤ ਗੀਤਾ - ਮਾਨਵੀ ਪ੍ਰਕ੍ਰਿਤੀ ਦੇ ਇਸ ਕਾਰਜਸ਼ੀਲ ਅਮਲ ਨੂੰ ਉੱਤਮ ਬਣਾਉਣ ਦੀਆਂ ਵਿਧੀਆਂ ਦੀ ਜੋ ਵਿਆਖਿਆ ਕਰਦੀ ਹੈ, ਉਹ ਪ੍ਰੇਰਨਾਮਈ ਉਸਾਰੂ ਤੇ ਵਿਕਾਸਸ਼ੀਲ ਹੈ।

੦ ਮਨ ਦੇ ਪ੍ਰਤੱਖ ਵਿਸ਼ਿਆਂ ਦੇ ਤਿੰਨ ਪੱਖ ਇੱਛਾ ਮਰਜ਼ੀ, ਭਾਵ ਵਲਵਲਾ ਅਤੇ ਬੋਧ ਗਿਆਨ ਹਨ। ਇਨ੍ਹਾਂ ਤਿੰਨਾਂ ਦੇ ਕਰਮ ਖੇਤਰ ਤੋਂ ਬਾਹਰ ਮਾਨਸਿਕਤਾ ਵਿਚ ਹੋਰ ਕੁੱਝ ਵੀ ਨਹੀਂ ਹੈ। ਇਕ ਤੰਦਰੁਸਤ ਅਤੇ ਉਪਕਾਰੀ ਮਨ ਵਿਚ ਸਰਵ-ਵਿਆਪਕ ਮੁੱਲ ਹੁੰਦੇ ਹਨ। ਪੂਰੀ ਤਰ੍ਹਾਂ ਸੰਪੂਰਣ ਹੋਏ ਮਨ ਦੀ ਤੁਲਨਾ ਇਸ ਧਰਤੀ ਜਾਂ ਸਵੱਰਗ ਵਿਚ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ। ਉਸ ਵਿਅਕਤੀ ਕੋਲ ਸਭ ਪਦਾਰਥ ਹਨ, ਜਿਸ ਦਾ ਮਨ ਵਿਕਾਸਸ਼ੀਲ ਸੰਪੂਰਨ ਤੇ ਸੰਪਨ ਹੈ। ਇੱਛਾ ਮਰਜ਼ੀ ਭਾਵ ਵਲਵਲੇ, ਅਤੇ ਬੋਧ ਗਿਆਨ ਦਾ ਇਕਸਾਰਤਾ ਵਾਲਾ ਹੋਇਆ ਵਿਕਾਸ - ਪਰਿਪੂਰਣ ਮਨ ਦਾ ਨਿਰਮਾਣ ਕਰਦਾ ਹੈ, ਜਿਹੜਾ ਹਮੇਸ਼ਾ ਹੀ ਉੱਤਮ ਯਥਾਰਥ ਤੇ ਸੱਚਾ ਹੁੰਦਾ ਹੈ। ਜੇ ਇਨ੍ਹਾਂ ਤਿੰਨਾਂ ਵਿਚ ਜ਼ਰਾ ਵੀ ਸਮਾਨਤਾ ਨਾ ਹੋਵੇ ਤਾਂ ਚਰਿੱਤਰ ਨਿਰਮਾਣ ਵਿਚ ਤਰੁੱਟੀਆਂ ਰਹਿ ਜਾਂਦੀਆਂ ਹਨ। ਭਗਵਦ ਗੀਤਾ ਵਿਚ ਇਨ੍ਹਾਂ ਸਾਰੇ ਪੱਖਾਂ ਦੀ ਮਹੱਤਤਾ ਉੱਪਰ ਜ਼ੋਰ ਦਿੱਤਾ ਗਿਆ ਹੈ। ਤਿੰਨਾਂ ਪੱਖਾਂ ਉੱਪਰ ਜ਼ੋਰ ਦੇਣ ਦੀ ਮਹੱਤਤਾ ਨੂੰ ਸਮਝਦੇ ਹੋਏ ਗੀਤਾ ਦੇ ਅਠਾਰਵੇਂ ਅਧਿਆਵਾਂ ਨੂੰ ਬਰਾਬਰ ਬਰਾਬਰ ਵੰਡਿਆ ਗਿਆ ਹੈ ਅਤੇ ਇੱਛਾ ਮਰਜ਼ੀ, ਭਾਵ ਵਲਵਲਾ ਤੇ ਬੋਧ ਗਿਆਨ ਦੇ ਵਿਕਾਸ ਲਈ ਸਾਧਨ ਸਮਝਾਏ ਗਏ ਹਨ। ਮਨੁੱਖ ਜੀਵਨ ਨਾਲ ਸਾਰੇ ਅਭੇਦ ਹੋਏ ਵਾਦ ਵਿਸ਼ਿਆਂ ਉੱਪਰ ਨਿਪੁੰਨਤਾ ਪੂਰਵਕ ਕੀਤੀ ਵਿਆਖਿਆ ਕਾਰਣ - ਸ਼੍ਰੀ ਭਗਵਦ ਗੀਤਾ ਨੂੰ ਵਿਸ਼ਵ ਦੇ ਧਰਮ ਗਰੰਥਾਂ ਵਿਚ ਸਰਬ ਉੱਚ ਦਰਜਾ ਪ੍ਰਾਪਤ ਹੈ।

੦ ਗੀਤਾ ਦੀ ਮੁੱਖ ਯੋਜਨਾ ਤੇ ਮੰਤਵ - ਵਿਅਕਤੀ ਵਿਚ ਅਜਿਹੇ ਵਿਅਕਤਿੱਤਵ ਨੂੰ ਸੰਪੂਰਣ ਰੂਪ ਵਿਚ ਪੇਸ਼ ਕਰਨਾ ਹੈ ਜੋ ਹਰ ਦ੍ਰਿਸ਼ਟੀ ਤੋਂ ਪੂਰਨ ਸੰਪਨ ਤੇ ਨਰੋਆ ਹੋਵੇ। ਇਕ ਸ਼ਕਤੀਸ਼ਾਲੀ ਸਰੀਰ ਤੇ ਰਿਸ਼ਟ ਪੁਸ਼ਟ ਮਨ ਹੀ ਪੂਰਣ ਵਿਅਕਤਿੱਤਵ ਦੀ ਸਾਮਗ੍ਰੀ ਦਾ ਰੂਪ ਧਾਰਣ ਕਰਦਾ ਹੈ। ਦੂਰ ਅੰਦਰ ਦੀ ਯੋਗਤਾ ਹੀ ਸ਼ਕਤੀਸ਼ਾਲੀ ਵਿਅਕਤਿਤਵ ਦੀ ਕਸੌਟੀ ਹੁੰਦੀ ਹੈ। ਆਪ ਚੰਗਾ ਤੇ ਉਪਕਾਰੀ ਹੋਣਾ ਤੇ ਦੂਜਿਆਂ ਦੀ ਭਲਾਈ ਕਰਨਾ ਤਾਂ ਹੀ ਸੰਭਵ ਹੈ ਜੇਕਰ ਸਰੀਰ ਤੇ ਮਨ ਰਿਸ਼ਟ ਪੁਸ਼ਟ ਤੇ ਸੰਪੂਰਣ ਹਨ। ਵਿਅਕਤਿੱਤਵ ਦੀ ਉਸਾਰੀ ਲਈ ਅਗਲਾ ਵੱਡਾ ਤੱਤ ਪ੍ਰੇਮ ਪਿਆਰ ਦਾ ਹੈ। ਜਿੰਨੇ ਵੀ ਜੀਵ ਹਨ, ਉਹਨਾਂ ਨੇ ਆਪਣਾ ਆਪ ਪ੍ਰੇਮ ਨੂੰ ਹੀ ਸਮਰੱਪਿਤ ਕੀਤਾ ਹੋਇਆ ਹੈ। ਭਾਵੇਂ ਹਰ ਇਕ ਦਾ ਇਹ ਸਮਰਪਿਨ ਵੱਧ ਘੱਟ ਮਾਤਰਾ ਵਿਚ ਹੋ ਸਕਦਾ ਹੈ। ਇਹ ਪ੍ਰੇਮ ਸ਼ੁੱਧ ਵੀ ਕੀਤਾ ਜਾ ਸਕਦਾ ਹੈ ਤੇ ਵਧਾਇਆ ਵੀ ਜਾ ਸਕਦਾ ਹੈ। ਪਵਿੱਤਰ ਪ੍ਰੇਮ ਹਰ ਪੱਖ ਤੋਂ ਬੇਪਨਾਹ ਮਧੁਰਤਾ ਮਿੱਠਤ ਤੇ ਸ਼ਾਲੀਨਤਾ ਨੂੰ ਜਨਮ ਦਿੰਦਾ ਹੈ। ਪ੍ਰੇਮ ਵਿਚ ਅਥਾਹ ਸ਼ਕਤੀ ਹੈ ਕਿ ਉਹ ਸੁਸ਼ੀਲ ਮਿਲਣਸਾਰ ਏਕਤਾ ਵਿਚ ਸਾਰੇ ਜੀਵਾਂ ਨੂੰ ਇਕ ਮੁੱਠ ਕਰ ਸਕਦਾ ਹੈ। ਤੀਜਾ ਤੇ ਆਖ਼ਰੀ ਤੱਤ ਬੌਧਿਕਤਾ ਅਥਵਾ ਬੁੱਧੀ ਪ੍ਰਤਿਭਾ ਹੈ। ਜਿਸ ਦੀ ਤੁਲਨਾ ਅਸੀਂ ਵਿਸ਼ਾਲ ਜਲ ਰਹੇ ਸੂਰਜ ਨਾਲ ਕਰ ਸਕਦੇ ਹਾਂ, ਜਿਸ ਦੀ ਸੱਚੀ ਸੁੱਚੀ ਰੌਸ਼ਨੀ ਵਿਚ ਹਰ ਵਸਤੂ ਪ੍ਰਤੱਖ ਦਿਖਾਈ ਦਿੰਦੀ ਹੈ। ਪਰ ਬੁੱਧੀਜੀਵੀ ਲਈ ਉਚੇਰੇ ਗੁਣਾਂ ਤੇ ਤੱਤਾਂ ਵਾਲੀਆਂ ਵਸਤਾਂ ਵੀ ਪਛਾਣ ਤੋਂ ਬਿਨਾਂ ਰਹਿ ਜਾਂਦੀਆਂ ਹਨ ਪਰ ਫਿਰ ਵੀ ਬੁੱਧੀਜੀਵੀ ਹੀ ਹੈ ਜੋ ਜੀਵਾਂ ਨੂੰ ਠੀਕ ਕੰਮ ਕਰਨ ਲਈ ਅਗਵਾਈ ਪ੍ਰਦਾਨ ਕਰਦਾ ਹੈ। ਜਿਸ ਵਿਅਕਤੀ ਦਾ ਦਿਲ ਦਿਮਾਗ ਸਾਫ਼ ਸਪੱਸ਼ਟ ਤੇ ਚੇਤਨ ਹੈ ਤੇ ਉਸ ਕੋਲ ਸਯੋਗ ਸਮੱਰਥ ਹੱਥ ਹਨ, ਉਸ ਨੂੰ ਹੋਰ ਕਿਸੇ ਵਸਤੂ ਦੀ ਲੋੜ ਨਹੀਂ ਹੈ। ਉਹ ਦੈਵੀ ਬਖਸ਼ਸ਼ਾਂ ਨਾਲ ਸੰਪੂਰਣ ਵਿਅਕਤਿਤਵ ਦਾ ਮਾਲਕ ਹੈ। ਉਸ ਵਿਚ ਆਪਣੇ ਆਪ ਸੰਪੂਰਣਤਾ ਦੇ ਗੁਣ ਆ ਜਾਂਦੇ ਹਨ। ਇਕ ਸਾਰਤਾ ਵਾਲਾ ਚਹੁਮੁਖੀ ਵਿਕਾਸ ਹੀ, ਉਸ ਦੀ ਕਿਰਤ ਅਤੇ ਉਸ ਦੇ ਦਿਲ ਤੇ ਦਿਮਾਗ਼, ਹੀ ਉਸ ਦੇ ਵਿਅਕਤਿੱਤਵ ਦਾ ਉੱਤਮ ਨਮੂਨਾ ਹੁੰਦੇ ਹਨ।

ਗੀਤਾ - ਵਿਅਕਤਿੱਤਵ ਦੇ ਚਹੁਮਖੀ ਵਿਕਾਸ ਲਈ ਹਰ ਜੀਵ ਵਿਚ ਉਤਸ਼ਾਹ ਭਰਨ ਵਾਲੀ ਸਿਖਿਆ ਪ੍ਰਦਾਨ ਕਰਨ ਵਾਲਾ ਗਰੰਥ ਹੈ।

**- ਸੰਪਾਦਕ**